ਨਵੰਬਰ-ਦਸੰਬਰ ੨੦੨੫
Nov-Dec 2025

ਪੰਜਆਬ

ਨੌਵੇਂ ਨਾਨਕ ਸ੍ਰੀ ਗੁਰੂ ਤੇਗ ਬਹਾਦੁਰ ਜੀ
ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ
ਭਾਈ ਦਿਆਲਾ ਜੀ ਦੀ

ਸ਼ਹਾਦਤ ਦੇ ੩੫੦ ਸਾਲ

ਵਿਸ਼ੇਸ਼ ਅੰਕ

'ਨਿਰਭਉ ਨਿਰਵੈਰੁ' ਤੋਂ 'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ' ਤਕ ਦਾ ਸਫ਼ਰ

ਤਿਲਕ ਜੰਞੂ ਰਾਖਾ ਪ੍ਰਭੁ ਤਾ ਕਾ ਕੀਨੋ ਬਡੋ ਕਲੂ ਮਹਿ ਸਾਕਾ

ਬਾਬੇ ਕੇ ਬਾਬਰ ਕੇ ਦੋਊ

ਗੁਰਦੇਵ ਦਸਮੇਸ਼ ਪਿਤਾ ਜੀ ਦਾ ਕਥਨ ਹੈ- ਇੱਕ ਧਿਰ ਰਾਜਨੀਤਿਕ ਹੈ ਤੇ ਦੂਸਰੀ ਧਾਰਮਿਕ; **'ਦੀਨਸਾਹ ਇਨ ਕੋ ਪਹਿਚਾਨੋ।'** ਧਾਰਮਿਕ ਪੁਰਸ਼ ਰੱਬ ਦੀ ਕਚਹਿਰੀ ਦੇ ਸ਼ਾਹ ਨੇ। **'ਜੋ ਬਾਬੇ ਕੋ ਦਾਮ ਨ ਦੈ ਹੈ॥ ਤਿਨ ਤੇ ਗਹਿ ਬਾਬਰ ਕੇ ਲੈ ਹੈ॥'** ਜਿਹੜੇ ਲੋਕ ਇਹਨਾਂ ਧਰਮ ਦੇ ਕਰਮ ਕਰਨ ਵਾਲਿਆਂ ਨੂੰ ਦਾਨ ਨਹੀਂ ਦੇਣਗੇ, ਉਹਨਾਂ ਕੋਲੋਂ ਰਾਜਨੀਤਿਕ ਟੈਕਸਾਂ ਦੇ ਰੂਪ ਵਿਚ ਖੋਹ ਕੇ ਲੈ ਜਾਣਗੇ ਤੇ ਫਿਰ ਬਦਲੇ ਵਿਚ ਭਲਾ ਤਾਂ ਕੀ ਕਰਨਾ ਸਗੋਂ ਇਹਨਾਂ ਦੇ ਪੈਸਿਆਂ ਨਾਲ ਹੀ ਇਹਨਾਂ 'ਤੇ ਜ਼ੁਲਮ ਕਰਨਗੇ।

ਗੁਰਬਾਣੀ ਅੰਦਰ ਗੁਰੂ ਸਾਹਿਬ ਫੁਰਮਾਉਂਦੇ ਨੇ **'ਸੰਤ ਸਰਨਿ ਜੋ ਜਨੁ ਪਰੈ ਸੋ ਜਨੁ ਉਧਰਨਹਾਰ॥'** ਜਿਹੜਾ ਜੀਵ ਸੰਤਾਂ ਦੀ ਸ਼ਰਨ ਵਿਚ ਆ ਜਾਂਦਾ, ਉਸ ਦਾ ਪਾਰ ਉਤਾਰਾ ਹੋ ਜਾਂਦਾ। ਇੱਥੇ ਕੀਤੀ ਕਿਰਤ ਵੀ ਸਫ਼ਲ ਹੋ ਜਾਂਦੀ ਤੇ ਪਰਲੋਕ ਵਿਚ ਵੀ ਸੋਭਾ ਮਿਲਦੀ।

'ਹਉਮੈ ਮਾਇਆ ਮੋਹਣੀ ਦੂਜੈ ਲਗੈ ਜਾਇ॥' ਮਾਇਆ ਦੇ ਹੰਕਾਰ ਨਾਲ ਮਨੁੱਖ ਦਵੈਸ਼-ਭਾਵ ਨਾਲ ਜੁੜ ਜਾਂਦਾ ਹੈ। ਫਿਰ ਉਸ ਨੂੰ ਆਪਣੀ ਸੁੱਧ-ਬੁੱਧ ਵੀ ਨਹੀਂ ਰਹਿੰਦੀ।

ਜਦੋਂ ਮੈਂ ਵਿਦੇਸ਼ ਦੀ ਧਰਤੀ 'ਤੇ ਆਇਆ, ਇੱਥੇ ਆ ਕੇ ਵੇਖਿਆ ਕਿ ਜ਼ਿਆਦਾਤਰ ਲੋਕ ਦੋ ਸੱਭਿਆਤਾਵਾਂ ਦੇ ਵਿਚ ਫਸ ਚੁੱਕੇ ਹਨ। ਇੱਕ ਉਹ ਜੋ ਇੱਥੇ ਰਹਿ ਕੇ ਵੀ ਸਾਰਾ ਦਿਨ ਪੰਜਾਬ ਵਿਚ ਮਾਣੇ ਪਲਾਂ ਨੂੰ ਯਾਦ ਕਰਦੇ-ਕਰਦੇ ਪਛਤਾਵਾ ਕਰੀ ਜਾਂਦੇ ਤੇ ਦੂਜੇ ਉਹ ਜਿਹੜੇ ਪੰਜਾਬ ਵਿਚਲੀਆਂ ਖ਼ਾਮੀਆਂ ਨੂੰ ਦਰਸਾ-ਦਰਸਾ ਕੇ ਇੱਥੋਂ ਦੇ ਹੋਣ ਦਾ ਨਾਟਕ ਕਰਦੇ। ਅਸਲ ਵਿਚ ਇਹ ਦੋਵੇਂ ਹੀ ਜ਼ਿੰਦਗੀ ਜਿਊਣੀ ਭੁੱਲ ਗਏ। ਪਛਤਾਵੇ ਵਾਲੇ ਬਿਨਾਂ ਪਰਖ ਕੀਤੇ ਕਿਰਤ-ਕਮਾਈ ਵਿਚਲਾ ਕੁਝ ਹਿੱਸਾ ਪੰਜਾਬ ਦੀ ਬਿਹਤਰੀ ਲਈ ਪੰਜਾਬ ਬੈਠੇ ਲੁਟੇਰਿਆਂ ਨੂੰ ਫੜਾਈ ਜਾਂਦੇ ਤੇ ਉਹ ਲੋਕ ਐਨ.ਜੀ.ਓ. ਦੇ ਨਾਂਵਾਂ 'ਤੇ ਵਿਦੇਸ਼ਾਂ ਵਿੱਚੋਂ ਆਉਂਦੇ ਪੈਸੇ 'ਤੇ ਮੌਜਾਂ ਮਾਣਦੇ ਫਿਰਦੇ। ਤੇ ਦੂਜੇ ਪਾਸੇ ਆਪੂੰ ਬਣੇ ਅੰਗਰੇਜ ਦਾਨ ਦੇਣੇ ਵੇਲੇ ਆਖਦੇ, ਖ਼ਾਸ ਕਰਕੇ ਜਦੋਂ ਸਾਧੂਆਂ-ਸੰਤਾਂ ਨੂੰ ਦੇਣਾ ਹੋਵੇ ਤਾਂ ਇਹਨਾਂ ਦਾ ਕਹਿਣਾ ਹੁੰਦਾ 'ਇਹ ਬਾਬਿਆਂ ਦੇ ਤਾਂ ਨਜਾਰੇ ਆ, ਵਿਹਲੇ ਬੈਠੇ ਖਾਈ ਜਾਂਦੇ, ਜੇ ਇਹਨਾਂ ਕੋਲੋਂ ਕਿਤੇ ਇਕ ਦਿਹਾੜੀ ਇੱਥੇ ਭਾਂਡੇ ਮੰਜਵਾਏ ਹੋਣ ਲੱਗ ਪਤਾ ਜਾਵੇ।' ਤੇ ਹਾਸਾ-ਠੱਠਾ-ਟਿੱਚਰਾਂ ਕਰਦੇ ਇਹ ਆਪਣੀ ਗੰਦੀ ਜਿੰਦਗੀ ਦਾ ਅਨੰਦ ਸ਼ਰਾਬ ਦੀ ਬੋਤਲ ਪੀ ਕੇ ਲੈਂਦੇ। ਕਹਿਣ ਵਾਲ਼ਾ ਕੋਈ ਹੋਵੇ ਕਿ ਜੇ ਤੂੰ ਸਾਰਾ ਦਿਨ ਭਾਂਡੇ ਮਾਂਜਣ ਤੋਂ ਬਾਅਦ ਅੱਧੇ ਪੈਸਿਆਂ ਦੀ ਬੋਤਲ ਪੀ ਕੇ ਹੀ ਨੀਂਦ ਹਾਸਲ ਕਰਦਾਂ ਤਾਂ ਤੇਰੇ ਤੋਂ ਤਾਂ ਫਿਰ ਪਖੰਡੀ ਬਾਬਾ ਵੀ ਲੱਖਾਂ ਦਰਜੇ ਚੰਗਾ, ਜੋ ਬਿਨਾਂ ਕੁਝ ਕੀਤੇ ਅਰਾਮ ਤਾਂ ਪਾ ਰਿਹਾ। ਪਰ ਤੇਰੀ ਕਮਾਈ ਕਿਸੇ ਕੰਮ ਹੀ ਨਹੀਂ ਆ ਰਹੀ, ਬਲਕਿ ਇਹ ਤਾਂ ਤੇਰੇ ਸਰੀਰ ਨੂੰ ਵੀ ਅੰਦਰੋਂ ਗਾਲ਼ ਰਹੀ ਹੈ।



ਜਰਮਨੀ ਦੇ ਸ਼ਹਿਰ ਵੁਰਸਬੁਰਗ (ਜਰਮਨ ਦੇ ਦੱਖਣ) ਵਿਚ ਵੱਸਦੇ ਸ਼ਹਿਰ ਦਾ ਵੀਰ ਨਵਦੀਪ ਸਿੰਘ ਉਹ ਸ਼ਖ਼ਸ ਹੈ, ਜਿਸ ਨੇ ਬਾਈ ਦੀਪ ਸਿੱਧੂ ਦੀ ਪਹਿਲੀ ਬਰਸੀ ਜਰਮਨ ਵਿਚ ਮਨਾਈ ਸੀ। ਸਾਦਾ ਜਿਹਾ ਕਿਰਤੀ ਬੰਦਾ, ਗੋਰਿਆਂ ਵਾਂਗ ਕੋਈ ਵਲ਼-ਵਲਿੰਗ ਨਹੀਂ ਪਰ ਓਥੇ ਹੀ ਜਦੋਂ ਕੀਤੀ ਕਮਾਈ ਨੂੰ ਸਫ਼ਲੀ ਕਰਨ ਦਾ ਸਮਾਂ ਆਉਂਦਾ ਤਾਂ ਹਮੇਸ਼ਾ ਬਾਬੇਕਿਆਂ ਨੂੰ ਲਿਆ ਆਪਣਾ ਦਸਵੰਧ ਫੜਾ ਦਿੰਦਾ।

ਪਿਛਲੇ ਦਿਨੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਅਵਤਾਰ ਪੁਰਬ 'ਤੇ ਸੋਨੇ ਦੀ ਚੇਨ ਬਣਾ ਕੇ ਗੁਰੂ ਕੇ ਵਜੀਰ ਦੇ ਸਪੁਰਦ ਕਰ ਕੇ ਕਹਿੰਦਾ- "ਬਾਬਾ ਜੀ ਤੁਸੀਂ ਸਾਡੇ ਲਈ 24 ਘੰਟੇ ਗੁਰੂ ਘਰ ਵਿਚ ਰਹਿਨੇ ਹੋਂ ਕਿ ਕੋਈ ਪਤਾ ਨਹੀਂ ਕਿਹੜੇ ਵੇਲੇ ਕਿਸ ਨੇ ਆਪਣੀ ਜੋਦੜੀ ਪਾਤਸ਼ਾਹ ਦੇ ਚਰਨਾਂ ਵਿਚ ਲੈ ਕੇ ਆ ਜਾਣਾ। ਤੁਸੀਂ ਕਿਹੜਾ ਕੋਈ ਹੋਰ ਬਾਹਰ ਕੰਮ ਕਰਦੇ, ਸੰਗਤ ਦਾ ਜਿੰਨਾ ਜੀਅ ਕਰਦਾ ਤੁਹਾਨੂੰ ਤਨਖ਼ਾਹ ਦੇ ਦਿੰਦੀ। (ਵੈਸੇ ਤਾਂ ਜਰਮਨ ਵਿਚ ਹੁਣ ਘੱਟੋ ਘੱਟੋ ਤਨਖਾਹ ਵੀ 14.90 ਯੂਰੋ ਪ੍ਰਤੀ ਘੰਟਾ ਹੋ ਗਈ ਹੈ) ਤੇ ਜੇ ਤੁਹਾਡਾ ੩ ਘੰਟੇ ਸਵੇਰੇ, 2 ਸ਼ਾਮ ਤੇ ਐਤਵਾਰ ਅਤੇ ਦਿਨ ਤਿਉਹਾਰ 'ਤੇ ਪੂਰਾ ਦਿਨ ਹੀ ਲੱਗ ਜਾਂਦਾ, ਉਸ ਦਿਨ ਤਾਂ ਤਨਖਾਹ ਵੀ ਦੂਣੀ ਮਿਲਣੀ ਚਾਹੀਦੀ, ਮੋਟਾ ਜਿਹਾ ਹਿਸਾਬ ਵੀ ਲਾ ਲਈਏ ਤਾਂ ਹਫ਼ਤੇ ਵਿੱਚ 40 ਘੰਟੇ ਤੋਂ ਜਿਆਦਾ ਹੀ ਕੰਮ ਕਰਦੇ ਹੋ ਤੁਸੀਂ। ਨਾਲੇ ਤੁਸੀਂ ਤਾਂ ਆਉਂਦੇ ਵੀ ਸਕਿਲਡ ਵਰਕਰ ਦੀ ਕੈਟਾਗਿਰੀ ਵਿੱਚ, ਜਿੱਥੇ ਤਨਖ਼ਾਹ ਕਈ ਗੁਣਾਂ ਜ਼ਿਆਦਾ ਹੁੰਦੀ।"

ਵੈਸੇ ਵੀ ਘੱਟੋ ਘੱਟ ਗ੍ਰੰਥੀ ਸਿੰਘ ਦੀ ਤਨਖ਼ਾਹ 2500 ਯੂਰੋ ਹੋਣੀ ਚਾਹੀਦੀ। ਪਰ ਜ਼ਿਆਦਾਤਰ ਗੁਰਦੁਆਰਿਆਂ 'ਚ ਆਮ 700 ਤੋਂ 1000 ਕੁ ਯੂਰੋ ਹੀ ਦਿੱਤਾ ਜਾਂਦਾ ਤੇ ਜੇ ਕੋਈ ਗੁਰਦੁਆਰਾ ਬਹੁਤ ਵੱਡਾ ਹੋਵੇ, ਜਿੱਥੇ ਸੰਗਤ ਦੀ ਗਿਣਤੀ ਚਾਰ-ਪੰਜ ਸੌ ਦੇ ਕਰੀਬ ਹੈ, ਓਥੇ ਤਨਖਾਹ 1500-2000 ਦੇ ਦਿੱਤੀ ਜਾਂਦੀ।

ਇੱਥੇ ਤਾਂ ਗਰੰਥੀ ਸਿੰਘਾਂ ਨੂੰ ਚੌਥੇ ਦਰਜੇ ਦੇ ਮੁਲਾਜ਼ਮ ਤੋਂ ਵੀ ਹੇਠਾਂ ਸੁੱਟ ਦਿੱਤਾ ਜਾਂਦਾ ਤੇ ਫਿਰ ਕਿਹਾ ਜਾਂਦਾ ਇਹ ਸਾਡੇ ਗੁਰੂ ਕੇ ਵਜੀਰ ਨੇ। ਨਵਦੀਪ ਕਹਿੰਦਾ "ਬਾਬਾ ਜੀ! ਮੈਂ ਚਾਹੁੰਨਾ ਕਿ ਜ਼ਿਆਦਾ ਨਹੀਂ ਤਾਂ ਘੱਟੋ-ਘੱਟ ਗੁਰੂ ਕੇ ਵਜੀਰਾਂ ਨੂੰ ਤਨਖ਼ਾਹ ਹੀ ਵਜੀਰੀ ਦੀ ਦੇ ਦਿਆ ਕਰੀਏ, ਮੰਗਤੇ ਬਣਾ ਕੇ ਰੱਖ ਛੱਡੇ ਅਸਾਂ ਗੁਰੂ ਕੇ ਵਜੀਰ।"

ਜ਼ਿਆਦਾਤਰ ਗੁਰਦੁਆਰਾ ਕਮੇਟੀਆਂ ਨੇ ਲੱਖਾਂ ਯੂਰੋ ਅਦਾਲਤਾਂ ਤੇ ਵਕੀਲਾਂ ਨੂੰ ਦੇ ਛੱਡੇ ਨੇ ਸਿਰਫ ਪ੍ਰਧਾਨਗੀ ਲੈਣ ਦੇ ਝਗੜਿਆਂ ਵਿੱਚ । ਤੇ ਗੁਰੂ ਕੇ ਵਜੀਰ ਨੂੰ ਕਹਿਣਗੇ 'ਬਾਬਾ ਤੂੰ ਕਿਹੜਾ ਕੁਝ ਕਰਦੈਂ। ਅਰਾਮ ਨਾਲ ਸਵੇਰ ਤੋਂ ਚਿੱਟੇ ਕੱਪੜੇ ਪਾ ਕੇ ਸੱਜ-ਧੱਜ ਕੇ ਬੈਠ ਜਾਨੈ, ਫਰੀ ਦੇ ਪੈਸੇ ਆਉਂਦੇ ਤੈਨੂੰ।'

ਇਹ ਜਿਹੜੇ ਇੰਨਾ ਗਿਆਨ ਵੰਡ ਰਹੇ ਹੁੰਦੇ, ਆਪ ਇਹਨਾਂ ਨੂੰ ਜਪੁਜੀ ਸਾਹਿਬ ਨਹੀਂ ਪੜ੍ਹਨਾ ਆਉਂਦਾ ਤੇ ਇਹ ਵੀ ਨਹੀਂ ਪਤਾ ਵਾਜੇ ਦੀਆਂ ਸੁਰਾਂ ਸ਼ੁਰੂ ਕਿੱਧਰੋਂ ਹੋ ਖ਼ਤਮ ਕਿਹੜੇ ਪਾਸੇ ਨੂੰ ਹੁੰਦੀਆਂ ਤੇ ਗਿਆਨ ਗੁਰੂ ਕੇ ਵਜੀਰਾਂ ਨੂੰ ਦੇ ਰਹੇ ਹੁੰਦੇ।

ਜਦੋਂ ਨਵਦੀਪ ਵੀਰ ਨੇ ਗੁਰੂ ਕੇ ਵਜੀਰ ਨੂੰ ਸੋਨੇ ਦੀ ਚੇਨ ਨਾਲ ਸਨਮਾਨਿਤ ਕੀਤਾ ਤਾਂ ਮੇਰੇ ਕੋਲੋਂ ਲਿਖਣੋਂ ਰਿਹਾ ਨਹੀਂ ਗਿਆ।

ਘੱਟੋ-ਘੱਟ ਇਹ ਗੱਲ ਕਮੇਟੀਆਂ ਦੇ ਪ੍ਰਧਾਨਾਂ ਤੀਕ ਪਹੁੰਚ ਜਾਏ ਤੇ ਉਹ ਵੀ ਗਰੰਥੀ ਸਿੰਘਾਂ ਨੂੰ ਗੁਰੂ ਕੇ ਵਜੀਰ ਸਮਝਣ। ਤਨਖਾਹ ਤੇ ਭੱਤੇ ਵੀ ਵਜੀਰ ਵਾਲੇ ਹੀ ਮਿਲਣੇ ਚਾਹੀਦੇ ਨੇ। ਪੰਜ-ਸੱਤ ਸੌ ਯੂਰੋ ਤਾਂ ਇੱਥੇ ਲੋਕ 30 ਘੰਟੇ ਮਹੀਨੇ ਦਾ ਕੰਮ ਕਰ ਕੇ ਕਮਾ ਲੈਂਦੇ ਤੇ ਅਸੀਂ 30 ਦਿਨ 24 ਘੰਟੇ ਗੁਰੂ ਕੀ ਵਜੀਰਾਂ ਦੀ ਕਰੜੀ ਘਾਲਣਾ ਦਾ ਮੁੱਲ ਇਹ ਪਾ ਰਹੇ ਹਾਂ। ਕਿਸੇ ਵੀ ਅਦਾਰੇ ਨੂੰ ਦਾਨ ਦੇਣ ਤੋਂ ਪਹਿਲਾਂ ਸਿਰਫ਼ ਇੰਨਾ ਵੇਖਣਾ ਜ਼ਰੂਰੀ ਕਿ ਤੁਹਾਡੇ ਗਵਾਂਢੀ ਦੇ ਘਰ ਰਾਸ਼ਨ ਹੈ, ਉਸ ਦੇ ਬੱਚੇ ਵਿਦਿਆ ਲੈ ਰਹੇ ਨੇ, ਬਿਮਾਰਾਂ ਨੂੰ ਦਵਾ-ਦਾਰੂ ਮਿਲ ਰਿਹਾ। ਤੇ ਤੁਹਾਡੇ ਲਾਗਲੇ ਗੁਰੂ ਘਰ ਦਾ ਗ੍ਰੰਥੀ ਸਿੰਘ ਵਾਕਿਆ ਹੀ ਵਜੀਰਾਂ ਵਾਂਗ ਫਿਰਦਾ ਕਿ ਭਿਖਾਰੀ ਬਣ ਕੇ ਘਰ-ਘਰ ਦੁੱਧ ਦਾ ਗਿਲਾਸ ਗਰਾਹੁੰਦਾ ਫਿਰਦਾ। ਜੇ ਇਹ ਸਭ ਕੁਝ ਸਹੀ ਹੈ ਤਾਂ ਦਾਨ ਕਿਸੇ ਹੋਰ ਪਾਸੇ ਦਿੱਤਿਆਂ ਫਲ਼ੇਗਾ, ਵਰਨਾ ਉਹ ਦਾਨ ਦਿਖਾਵਾ ਹੈ।

- ਮਨਜੀਤ ਸਿੰਘ ਭੋਗਲ

ਕੀਮਤ 50/-

ਪੰਜਆਬ
PANJAAB

ਨਵੰਬਰ-ਦਸੰਬਰ 2025 Nov-Dec 2025

ਅੰਕ : 5 Private Circulation only

ਸਮਰਪਣ

ਗੁਰਮਤਿ ਵਿਚਾਰਧਾਰਾ

"ਭੈ ਕਾਹੂ ਕਉ ਦੇਤ ਨਹਿ
ਨਹਿ ਭੈ ਮਾਨਤ ਆਨ ॥"

ਮੁੱਖ ਸੰਪਾਦਕ ਅਤੇ ਸੀ.ਈ.ਓ.

ਮਨਜੀਤ ਸਿੰਘ ਭੋਗਲ (ਜਰਮਨੀ)

ਮੁੱਖ ਸੰਪਾਦਕ 'ਪੰਜਆਬ' ਮੈਗਜ਼ੀਨ
Chairman IPCC Germany
Intellectual Punjabi Chamber of Commerce
ਸਬ ਐਡੀਟਰ (ਪੰਜਾਬ ਹੈੱਡਲਾਈਨਜ਼)

ਸਹਾਇਕ ਸੰਪਾਦਕ

ਡਾ: ਸੁਰਜੀਤ ਸਿੰਘ ਜਰਮਨੀ

ਸਹਾਇਕ ਸੰਪਾਦਕ 'ਪੰਜਆਬ' ਮੈਗਜ਼ੀਨ
President IPCC Germany
Intellectual Punjabi Chamber of Commerce
Bureau Chief Germany (ਪੰਜਾਬ ਹੈੱਡਲਾਈਨਜ਼)

Address

PANJAAB
Neuebau Str 64A
97070 Wurzburg
Germany

Phone Numbers

+49 176 30760697

E-mail

Panjaab2024@yahoo.com

ਸਭ ਹੱਕ ਰਾਖਵੇਂ ਹਨ। ਬਿਨਾਂ ਇਜ਼ਾਜਤ ਤੋਂ ਕੋਈ ਵੀ ਮੈਟਰ 'ਪੰਜਆਬ' ਰਸਾਲੇ 'ਚੋਂ ਲੈ ਕੇ ਛਾਪਣਾ ਮਨ੍ਹਾ ਹੈ।

ਸੰਪਾਦਕੀ


'ਤੇਗ ਬਹਾਦਰ ਹਿੰਦ ਦੀ ਚਾਦਰ' ਗੀਤ ਦਾ ਵਿਵਾਦ

ਕਲਾਕਾਰ ਸਤਿੰਦਰ ਸਰਤਾਜ ਨੇ ਪਿਛਲੇ ਦਿਨੀਂ ਇੱਕ ਧਾਰਮਿਕ ਗੀਤ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਨੂੰ ਸਮਰਪਿਤ ਗਾਇਆ ਜਿਸ ਦਾ ਟਾਇਟਲ ਸੀ 'ਹਿੰਦ ਦੀ ਚਾਦਰ'। ਬਹੁਤ ਸਾਰੇ ਫੇਸਬੁੱਕੀ ਵਿਦਵਾਨ ਤੇ ਸਾਡੇ ਨਫ਼ਰਤੀ ਪ੍ਰਚਾਰਕਾਂ ਨੇ ਇਸ ਗੱਲ ਵਿੱਚ ਵੀ ਧਾਰਮਿਕ ਕੱਟੜਤਾ ਵਾੜਦੇ ਹੋਏ ਵਿਵਾਦ ਖੜ੍ਹਾ ਕੀਤਾ। ਅਖੇ! ਨੌਵੇਂ ਗੁਰਦੇਵ ਜੀ ਨੂੰ 'ਹਿੰਦ ਦੀ ਚਾਦਰ' ਨਹੀਂ 'ਧਰਮ ਦੀ ਚਾਦਰ' ਆਖਣਾ ਚਾਹੀਦਾ। ਤੇ ਹਰੇਕ ਥਾਈਂ ਦਲੀਲ ਵਜੋਂ ਕਵੀ ਸੈਨਾਪਤਿ ਜੀ ਦਾ ਵਾਕ ਲਿਖ-ਲਿਖ ਉਦਾਹਰਣਾਂ ਦਿੰਦੇ ਰਹੇ।

ਕਵੀ ਸੈਨਾਪਤਿ ਦੇ ਬੋਲ **'ਪ੍ਰਗਟ ਭਏ ਗੁਰੂ ਤੇਗ ਬਹਾਦਰ ਸਗਲ ਸ੍ਰਿਸਟ ਪੈ ਢਾਪੀ ਚਾਦਰ'**। ਪਹਿਲਾਂ ਇਹਨਾਂ ਬੋਲਾਂ ਨੂੰ ਡੂੰਘਾਈ ਨਾਲ਼ ਸਮਝਣਾ ਚਾਹੀਦਾ। ਇਹ ਬੋਲ ਪਹਿਲੀ ਤਾਂ ਗੱਲ ਗੁਰੂ ਤੇਗ ਬਹਾਦਰ ਜੀ ਦੇ ਪ੍ਰਕਾਸ਼ ਹੋਣ ਜਾਂ ਫਿਰ ਜਦੋਂ ਅਠਵੇਂ ਪਾਤਸ਼ਾਹ ਜੀ ਆਖਿਆ 'ਬਾਬਾ ਬਕਾਲੇ'। ਓਸ ਵੱਲ ਇਸ਼ਾਰਾ ਕਰਦੇ ਹਨ, ਜਦੋਂ ਮੱਖਣ ਸ਼ਾਹ ਲੁਬਾਣਾ ਜੀ ਨੇ ਆ ਕੇ ਮੋਹਰਾਂ ਰੱਖ ਕੇ ਸਿੱਖਾਂ ਨੂੰ ਅਸਲ ਗੁਰੂ ਦੀ ਪਛਾਣ ਕਰਾਈ ਤ ਓਸ ਵਕਤ 'ਤੇ ਇਹ ਬੋਲ ਢੁੱਕਦੇ ਹਨ ਕਿ ਨੌਵਾਂ ਪਾਤਸ਼ਾਹ ਪ੍ਰਗਟ ਹੋ ਗਿਆ, ਜਿਸ ਨੇ ਸਾਰੀ ਸ੍ਰਿਸਟੀ 'ਤੇ ਆਪਣੀ ਰਹਿਮਤ ਰੂਪੀ ਚਾਦਰ ਪਾਈ ਹੋਈ ਹੈ।

ਦਸਵੇਂ ਗੁਰਦੇਵ ਦੇ ਬੋਲ ਹਨ: **'ਹਰਿਗੋਬਿੰਦ ਪ੍ਰਭ ਲੋਕਿ ਸਿਧਾਰੇ॥ ਹਰੀਰਾਇ ਤਿਹ ਠਾਂ ਬੈਠਾਰੇ॥ ਹਰੀਕ੍ਰਿਸ਼ਨਿ ਤਿਨ ਕੇ ਸੁਤ ਵਏ॥ ਤਿਨ ਤੇ ਤੇਗ ਬਹਾਦਰ ਭਏ॥'** ਦਸਮੇਸ਼ ਜੀ ਆਖਦੇ ਕਿ ਸ੍ਰੀ ਗੁਰੂ ਹਰਿਕ੍ਰਿਸ਼ਨ ਮਹਾਰਾਜ ਜੀ ਤੋਂ ਬਾਅਦ ਗੁਰਤਾ-ਗੱਦੀ 'ਤੇ ਹਜ਼ੂਰ ਤੇਗ ਬਹਾਦਰ ਜੀ ਆ ਬਿਰਾਜੇ। ਸੋ ਕਵੀ ਸੈਨਾਪਤਿ ਜੀ ਦੇ ਬੋਲ ਇਸ ਪ੍ਰਗਟਣ 'ਤੇ ਤਾਂ ਢੁੱਕਦੇ ਹਨ ਪਰ ਓਥੇ ਹੀ ਇਹ ਬੋਲ ਕਿਸੇ ਵੀ ਤਰ੍ਹਾਂ ਨੌਵੇਂ ਪਾਤਸ਼ਾਹ ਜੀ ਦੀ ਸ਼ਹਾਦਤ ਨੂੰ ਬਿਆਨ ਨਹੀਂ ਕਰਦੇ। ਜੇ ਤੁਸੀਂ ਇਹਨਾਂ ਬੋਲਾਂ ਨੂੰ ਸ਼ਹਾਦਤ ਨਾਲ਼ ਜੋੜਨਾ ਤਾਂ ਸਵਾਲ ਹੈ ਕੀ ਗੁਰਦੇਵ ਸਿਰਫ਼ ਸ਼ਹਾਦਤ ਵਕਤ ਹੀ ਪ੍ਰਗਟ ਹੋਏ ਸਨ?

ਦਸਮੇਸ਼ ਪਿਤਾ ਜੀ ਦਾ ਕਥਨ **'ਤਿਲਕ ਜੰਞੂ ਰਾਖਾ ਪ੍ਰਭ ਤਾਕਾ॥ ਕੀਨੋ ਬਡੋ ਕਲੂ ਮਹਿ ਸਾਕਾ॥ ਸਾਧਨਿ ਹੇਤਿ ਇਤੀ ਜਿਨਿ ਕਰੀ॥ ਸੀਸੁ ਦੀਆ ਪਰੁ ਸੀ ਨਾ ਉਚਰੀ॥'** ਤਿਲਕ ਜੰਞੂ ਤੋਂ ਹੀ ਸਪੱਸ਼ਟ ਹੋ ਜਾਂਦਾ ਕਿ ਇਹ ਕਸ਼ਮੀਰੀ ਪੰਡਤਾਂ ਦੀ ਰੱਖਿਆ ਦੀ ਬਾਤ ਹੈ। ਤੇ ਦੂਜੀ ਬਾਤ ਇਹ ਕਿ ਉਹਨਾਂ ਪੰਡਿਤਾਂ ਦਾ ਭਰੋਸਾ ਪਾਤਸ਼ਾਹ ਉਪਰ ਕਿਤਨਾ ਹੋਵੇਗਾ, ਜਿਹਨਾਂ ਨੇ ਆਪਣਾ ਸਾਰਾ ਕੁਝ ਦਾਅ 'ਤੇ ਲਾ ਕੇ ਕਿਹਾ "ਪਾਤਸ਼ਾਹ ਜੀ! ਸਾਨੂੰ ਮਨਜੂਰ ਹੈ ਜੇ ਔਰੰਗਜੇਬ ਆਪ ਜੀ ਨੂੰ ਮਨਵਾ ਗਿਆ ਤਾਂ ਅਸੀਂ ਸਾਰੇ ਧਰਮ ਪਰਿਵਰਤਨ ਕਰਾਂਗੇ।" ਤੇ ਦੂਜੇ ਪਾਸੇ ਔਰੰਗਜੇਬ ਵੀ ਆਪਣੇ ਬੋਲਾਂ 'ਤੇ ਰਿਹਾ। ਜਦੋਂ ਉਹ ਗੁਰਦੇਵ ਨੂੰ ਨਾ ਮਨਾ ਸਕਿਆ ਤਾਂ ਉਸ ਨੇ ਪੰਡਿਤਾਂ 'ਤੇ ਦੁਬਾਰਾ ਸਖ਼ਤੀ ਕਰ ਕੇ ਉਹਨਾਂ ਦਾ ਧਰਮ ਪਰਿਵਰਤਨ ਨਹੀਂ ਕਰਵਾਇਆ।



ਹੁਣ ਇਹ ਉਹਨਾਂ ਕਸ਼ਮੀਰੀ ਪੰਡਿਤਾਂ ਦੇ ਵਾਰਿਸਾਂ ਦੀ ਕਮੀਨਗੀ ਹੈ, ਜਿਹੜੇ ਅਜ਼ਾਦ ਹੋਣ ਤੋਂ ਬਾਅਦ ਪਾਤਸ਼ਾਹ ਜੀ ਦੀ ਸ਼ਹਾਦਤ ਨੂੰ ਭੁੱਲ ਗਏ। ਜਿਹਨਾਂ ਦੇ ਬਜ਼ੁਰਗਾਂ ਨੇ ਧਰਮ ਖ਼ਾਤਿਰ **'ਧਰਮ ਹੇਤ ਸਾਕਾ ਜਿਨਿ ਕੀਆ॥ ਸੀਸੁ ਦੀਆ ਪਰੁ ਸਿਰਰੁ ਨ ਦੀਆ॥'** ਨੌਵੇਂ ਗੁਰਦੇਵ ਜੀ ਨੇ ਕਸ਼ਮੀਰੀ ਪੰਡਿਤਾਂ ਦੇ ਧਰਮ ਦੀ ਰੱਖਿਆ ਲਈ ਆਪਣਾ ਸਿਰ ਦੇ ਦਿੱਤਾ ਪਰ (ਧਰਮ ਉੱਤੇ ਅਟੱਲ ਰਹਿਣ ਦਾ) ਹੱਠ ਨਹੀਂ ਛੱਡਿਆ।

ਕਈ ਵਾਰ ਇਉਂ ਲੱਗਦਾ ਕਿ ਨੌਵੇਂ ਗੁਰਦੇਵ ਤੇ ਉਹਨਾਂ ਦੇ ਨਾਲ਼ ਸ਼ਹੀਦ ਹੋਣ ਵਾਲ਼ੇ ਤਿੰਨ ਪਿਆਰੇ ਸਿੱਖ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਤੇ ਔਰੰਗੇ ਨੂੰ ਲਲਕਾਰਨ ਵਾਲਾ ਸੂਰਾ ਭਾਈ ਦਿਆਲਾ ਜੀ ਦੀ ਸ਼ਹੀਦੀ ਨੂੰ ਹਿੰਦ ਦੇ ਵਾਸੀਆਂ ਉੱਪਰ ਕੀਤੇ ਪਰਉਪਕਾਰ ਨੂੰ, ਜਿਸ ਦੇ ਇਹਨਾਂ ਨੂੰ ਸਾਰੀ ਉਮਰ ਅਹਿਸਾਨਮੰਦ ਰਹਿਣਾ ਚਾਹੀਦਾ, ਉਸ ਨੂੰ ਮਨਫ਼ੀ ਕਰਨ ਲਈ ਇਹਨਾਂ ਵੱਲੋਂ ਹੀ ਸਿੱਖਾਂ ਵਿੱਚ ਲੋਕ ਛੱਡੇ ਜਾਂਦੇ ਹਨ। ਜਦੋਂ ਸਰਤਾਜ ਵਰਗੇ ਵੀਰ ਇਸ ਗੱਲ ਨੂੰ ਯਾਦ ਕਰਵਾਉਂਦੇ ਕਿ 'ਤੇਗ ਬਹਾਦਰ ਹਿੰਦ ਦੀ ਚਾਦਰ ਹਨ' ਤਾਂ ਇਹ ਲੋਕ ਐਕਟਿਵ ਹੋ ਜਾਂਦੇ। ਇਸ ਅਹਿਸਾਨ ਨੂੰ ਹਿੰਦੂਆਂ ਦੇ ਸਿਰੋਂ ਲੁਹਾ ਕੇ ਇਹ ਦਰਸਾਉਣਾ ਕਿ ਇਹ ਸਾਰੀ ਲੋਕਾਈ ਲਈ ਕੀਤਾ ਪਰਉਪਕਾਰ ਹੈ।

ਬੇਸ਼ੱਕ ਇਸ ਵਿੱਚ ਕੋਈ ਦੋ ਰਾਵਾਂ ਨਹੀਂ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਲੋਕਾਈ ਤੇ ਧਰਮ ਨੂੰ

ਬਚਾਉਣ ਲਈ ਦਿੱਤੀ ਗਈ ਹੈ। ਪਰ ਉਹ ਧਰਮ ਨਾਸ਼ ਹਿੰਦੂਆਂ ਦਾ ਹੋ ਰਿਹਾ ਸੀ। ਤੇ ਲੋਕਾਈ 'ਤੇ ਕੀਤਾ ਪਰਉਪਕਾਰ ਹਿੰਦੂ ਤੇ ਹਿੰਦੂਸਤਾਨ ਦੇ ਸਿਰ ਅਹਿਸਾਨ ਹੈ। ਜੇ ਓਸ ਵਕਤ ਗੁਰਦੇਵ ਇਹ ਸ਼ਹਾਦਤ ਨਾ ਦਿੰਦੇ ਤਾਂ ਇੱਥੇ ਹਰੇਕ ਦੀ ਸੁੰਨਤ ਹੋਣੀ ਸੀ। ਗੁਰਦੇਵ ਨੇ ਸ਼ਹਾਦਤ ਦਿੱਤੀ, ਅਨੇਕਤਾ ਏਕਤਾ ਵਿੱਚ ਨਹੀਂ ਬਦਲਣ ਦਿੱਤੀ ਤਾਂ ਹੀ ਦਸਮੇਸ਼ ਜੀ ਆਖਿਆ **'ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ॥ ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ॥'** ਕਿ ਜਦੋਂ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਹੋਈ ਤਾਂ ਇੱਥੇ ਧਰਤੀ 'ਤੇ ਹਾ ਹਾ ਕਾਰ ਮਚ ਗਿਆ। ਪਰ ਦੇਵ ਪੁਰੀ ਵਿੱਚ ਦੇਵਤੇ ਗੁਰਦੇਵ ਦੀ ਜੈ ਜੈਕਾਰ ਕਰਨ ਲੱਗੇ।

ਹੁਣ ਭਾਰਤੀ ਸਟੇਟ ਵੀ ਔਰੰਗਜੇਬ ਵਾਂਗ ਪੂਰੇ ਦੇਸ਼ ਨੂੰ ਇੱਕੋ ਜਿਹਾ ਰੰਗ ਦੇਣਾ ਚਾਹੁੰਦੀ ਜਿਸ ਨੂੰ 'ਏਕਤਾ' ਦਾ ਨਾਂ ਦਿੱਤਾ ਜਾਂਦਾ। ਭਾਰਤ ਵਿੱਚ ਰਹਿਣ ਵਾਲਾ ਹਰੇਕ ਹਿੰਦੂ ਹੀ ਹੋਵੇ ਤਾਂ ਹੀ ਉਹੋ ਦੇਸ਼ ਭਗਤ ਹੈ। ਵਰਨਾ ਹਰੇਕ ਦੂਜੇ ਧਰਮ ਵਾਲ਼ੇ ਕੋਲੋਂ ਦੇਸ਼ ਭਗਤੀ ਦੇ ਸਬੂਤ ਮੰਗੇ ਜਾਂਦੇ, ਇਹੀ ਔਰੰਗਜੇਬ ਚਾਹੁੰਦਾ ਸੀ, ਇਹੀ ਇੰਦਰਾ ਗਾਂਧੀ ਚਾਹੁੰਦੀ ਸੀ। ਇਹਨਾਂ ਵਿੱਚ ਤੇ ਔਰੰਗਜੇਬ ਵਿੱਚ ਕੋਈ ਫ਼ਰਕ ਨਹੀਂ। ਇਸੇ ਏਕਤਾ ਬਾਬਤ ਕਵੀਰਾਜ ਭਾਈ ਸੰਤੋਖ ਸਿੰਘ ਜੀ ਲਿਖਦੇ ਹਨ:


ਛਾਇ ਜਾਤੀ ਏਕਤਾ ਅਨੇਕਤਾ ਬਿਲਾਇ ਜਾਤੀ॥
ਫੈਲਤੀ ਕੁਚੀਲਤਾ ਕਤੇਬਨ ਕੁਰਾਨ ਕੀ॥
ਰੀਤ ਮਿਟ ਜਾਤੀ ਕਥਾ ਬੇਦਨ ਪੁਰਾਨ ਕੀ॥
ਪਾਪ ਹੀ ਪ੍ਰਪੱਕ ਜਾਤੇ ਧਰਮ ਧਸੱਕ ਜਾਤੇ॥
ਬਰਨ ਗਰੱਕ ਜਾਤੇ, ਸਹਿਜ ਬਿਧਾਨ ਕੀ॥
ਦੇਵੀ ਦੇਵ ਦੇਹੁਰੇ ਸੰਤੋਖ ਸਿੰਘਾਂ ਦੂਰ ਹੋਤੇ॥
ਮੂਰਤ ਨਾ ਹੋਤੀ ਜੋ ਪੈ ਕਰੁਨਾ ਨਿਧਾਨ ਕੀ।

ਕਰੁਣਾ ਦੀ ਮੂਰਤ ਨੇ ਇਹ ਬਲੀਦਾਨ ਹਿੰਦ ਦਾ ਧਰਮ ਬਚਾਵਣ ਹਿੱਤ ਹੀ ਦਿੱਤਾ। ਸੋ ਗੁਰੂ ਤੇਗ ਬਹਾਦਰ ਹਿੰਦ ਦੀ ਚਾਦਰ ਸੀ ਤੇ ਰਹਿਣਗੇ ਚਾਹੇ ਜਿਤਨਾ ਮਰਜੀ ਕੋਈ ਇਸ ਅਹਿਸਾਨ ਨੂੰ ਭੁਲਾਉਣ ਹਿੱਤ ਯਤਨ ਕਰੇ।

ਪਹਿਲੇ ਪਾਤਸ਼ਾਹ ਜੀ ਦਾ ਫੁਰਮਾਣ ਹੈ **'ਸੁਨਤ ਜਪਤ ਹਰਿ ਨਾਮ ਜਸੁ ਤਾ ਕੀ ਦੂਰਿ ਬਲਾਈ॥ ਮਹਾ ਮੰਤ੍ਰ ਨਾਨਕ ਕਥੈ ਹਰਿ ਕੇ ਗੁਣ ਗਾਈ॥'** ਹੁਣ ਹਿੰਦ ਵਾਸੀਆਂ ਲਈ ਮਹਾਂ ਮੰਤ੍ਰ ਸੀ **'ਤੇਗ ਬਹਾਦਰਸਿਮਰੀਐ ਘਰੁ ਨਉ ਨਿਧਿ ਆਵੈ ਧਾਇ॥ ਸਭ ਥਾਈਂ ਹੋਇ ਸਹਾਇ॥'** ਤੁਸੀਂ ਗੁਰੂ ਤੇਗ ਬਹਾਦਰ ਜੀ ਦਾ ਸਿਮਰਨ ਕਰਦੇ ਤਾਂ ਤੁਹਾਡੇ ਮੁਲਕ ਵਿੱਚ ਨੌ-ਨਿੱਧਾਂ ਦੇ ਖ਼ਜ਼ਾਨੇ ਭੱਜੇ ਫਿਰਨੇ ਸੀ। ਜਿਸ ਤਰ੍ਹਾਂ ਤੁਹਾਡੇ ਪੁਰਖਿਆਂ ਦੀ ਸਹਾਇਤਾ ਪਾਤਸ਼ਾਹ ਨੇ ਕੀਤੀ ਸੀ, ਹਰ ਵਕਤ ਪਾਤਸ਼ਾਹ ਨੇ ਤੁਹਾਡੀ ਵੀ ਸਹਾਇਤਾ ਕਰਨੀ ਸੀ। ਪਰ ਤੁਸੀਂ ਉਹ ਅਹਿਸਾਨ ਭੁੱਲ ਗਏ। ਤੇ ਸਾਡੇ ਸਿੱਖ ਵੀ ਇਸ ਅਹਿਸਾਨ ਨੂੰ ਇਹਨਾਂ ਦੇ ਗਲ਼ੋਂ ਲਾਹ ਕੇ ਇਹਨਾਂ ਨੂੰ ਫਾਰਗ ਕਰ ਰਹੇ ਨੇ।

ਜਿੰਨੀ ਵਾਰ ਅਕ੍ਰਿਤਘਣ ਲੋਕ ਗੁਰਦੇਵ ਨੌਵੇਂ ਪਾਤਸ਼ਾਹ ਜੀ ਦੀ ਸ਼ਹੀਦੀ ਦਾ ਅਹਿਸਾਨ ਹਿੰਦ ਦੇ ਸਿਰੋਂ ਲਾਹ ਕੇ ਕਿਸੇ ਹੋਰ ਸਿਰ ਪਾ ਕੇ ਇਹਨਾਂ ਨੂੰ ਫਾਰਗ ਕਰਨ ਦਾ ਯਤਨ ਕਰਨਗੇ, ਓਨੀ ਵਾਰ ਵੀਰ ਸਰਤਾਜ ਜਿਹੇ ਕਲਾਕਾਰ ਤੇ ਸਾਡੇ ਜਿਹੇ ਲਿਖਾਰੀ ਇਹ ਗੱਲਾਂ ਗਾ ਕੇ, ਲਿਖ ਕੇ ਦੁਨੀਆਂ ਸਾਹਮਣੇ ਲੈ ਕੇ ਆਉਣਗੇ। ਕਿ ਇਹ ਸ਼ਹਾਦਤ ਪਾਤਸ਼ਾਹ ਜੀ ਨੇ ਤੁਹਾਡੀ ਹੋਂਦ ਤੇ ਧਰਮ ਨੂੰ ਬਚਾਉਣ ਲਈ ਦਿੱਤੀ ਤੇ ਹਿੰਦ ਦੇ ਉੱਪਰ ਆਪਣੇ ਧਰਮ ਰੂਪੀ ਚਾਦਰ ਨੂੰ ਪਾ ਕੇ ਹਿੰਦ ਦੀ ਰੱਖਿਆ ਕੀਤੀ।

ਪੰਥ ਦੇ ਆਪੂੰ ਬਣੇ ਸਿਪਾਹਸਾਲਾਰ ਕਹਿੰਦੇ ਨੇ



ਇਹ ਸ਼ਬਦ 'ਹਿੰਦ ਦੀ ਚਾਦਰ' ਆਰ.ਐਸ.ਐਸ. ਦਾ ਪ੍ਰਚਲਿਤ ਕੀਤਾ ਹੈ। ਇਤਿਹਾਸ ਵਿੱਚ ਜਿਕਰ ਹੈ ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ:

ਸੰਮਤ ਖੋੜਸ ਸੈ ਸਤ ਆਠ,
ਬਿਸਾਖ ਵਦੀ ਸਰ ਸ਼ੁਕ੍ਰਵਾਰੈਂ॥
ਧਾਮ ਗੁਰੂ ਹਰਿਗੋਵਿੰਦ ਨਾਨਕੀ ਮਾਤ,
ਸੁਧਾ ਸਰ ਮਾਹਿ ਵਿਚਾਰੈਂ॥
ਭਾਰ ਧਰਾ ਹਰਬੇ, ਕਰਬੇ ਹਿਤ,
ਸਿੱਖਨਿ ਕੀ ਕਲਿਆਨ ਉਦਾਰੈਂ॥
ਤੇਗ ਬਹਾਦਰ ਚਾਦਰ ਹਿੰਦ,
ਦਨਿੰਦ ਮਨਿੰਦ ਭਏ ਅਵਤਾਰੈਂ॥

ਤੇ ਅੱਗੇ ਗਿਆਨੀ ਜੀ ਦੂਜੇ ਸਵੱਯੇ ਵਿੱਚ ਲਿਖਦੇ ਹਨ।

ਜਗ ਹਿੰਦੁ ਧਰਮ ਕਹਾਂ ਰਹਿਤੋ,
ਅਰ ਤੱਗ ਤਿਲਕ ਨ ਦੇਖਨ ਪਾਤੇ॥
ਤੀਰਥ ਦੇਵ ਸਥਾਨ ਪੁਰਾਨ,
ਸਭੀ ਨਿਗਮਾਗਮ ਭੀ ਉਠਿ ਜਾਤੇ॥
ਬਾਂਗ ਨਿਵਾਜ਼ ਕਤੇਬ ਕੁਰਾਨ,
ਮਸੀਤ ਯਹੀ ਸਬ ਹੀ ਜਗ ਛਾਤੇ॥
ਗੁਰ ਤੇਗ ਬਹਾਦਰ ਹਿੰਦੁਹਿ ਚਾਦਰ,
ਕਾਦਰ ਜੌ ਨ ਧਰਾ ਪ੍ਰਗਟਾਤੇ॥

ਆਰ.ਐੱਸ.ਐੱਸ. ਦੇ ਜਨਮ ਤੋਂ ਤਕਰੀਬਨ ਅੱਧੀ ਸਦੀ ਤੋਂ ਜਿਆਦਾ ਸਮਾਂ ਪਹਿਲਾਂ ਗਿਆਨੀ ਜੀ 'ਹਿੰਦ ਦੀ ਚਾਦਰ' ਸ਼ਬਦ ਲਿਖ ਰਹੇ ਹਨ ਤੇ ਗੁਰਦੇਵ ਦਸਮੇਸ ਜੀ ਉਸ ਤੋਂ ਵੀ ਬਹੁਤ ਸਮਾਂ ਪਹਿਲਾਂ ਲਿਖਦੇ ਹਨ **ਤਿਲਕੁ ਜੰਞੂ ਰਾਖਾ ਪ੍ਰਭ ਤਾਂ ਕਾ'** ਤੇ ਇਹ ਘੜੰਮ-ਚੌਧਰੀ ਆਖਦੇ ਕਿ ਇਹ ਸ਼ਬਦ ਆਰ.ਐੱਸ.ਐੱਸ. ਦੀ ਉਪਜ ਹੈ। ਇਹ ਸਾਰਾ ਮੂਰਖਾਂ ਦਾ ਟੋਲਾ ਜਿਹਨਾਂ ਨਾ ਕਦੇ ਇਤਿਹਾਸ ਵਾਚਿਆ ਤੇ ਨਾ ਸਿੱਖੀ ਸਿਧਾਂਤਾਂ ਦਾ ਪਤਾ, ਮੂੰਹ ਚੁੱਕ ਕੇ ਸਿੱਖ ਚਿੰਤਕ ਬਣ ਜਾਂਦੇ ਹਨ। ਇਹਨਾਂ ਨੂੰ ਮੂੰਹ ਤੋੜਵਾਂ ਜਵਾਬ ਦੇਣਾ ਬਹੁਤ ਜ਼ਰੂਰੀ ਹੈ। ਅਸੀਂ ਹੁਣ ਇਤਿਹਾਸ ਵਿੱਚੋਂ ਲੱਭ ਕੇ ਲਿਖ ਦਿੱਤਾ ਕਿ 'ਹਿੰਦ ਦੀ ਚਾਦਰ' ਸ਼ਬਦ ਕਿੱਥੇ ਆਇਆ। ਕੀ ਹੁਣ ਇਹ ਮੂਰਖਾਂ ਦਾ ਟੋਲਾ ਪੰਥ ਪਾਸੋਂ ਮੁਆਫ਼ੀ ਮੰਗੇਗਾ? ਜਾਂ ਆਪਣੀ ਕੋਝੀ ਮੱਤ ਦਾ ਜਨਾਜਾ ਇਸੇ ਤਰ੍ਹਾਂ ਕੱਢਦਾ ਰਹੇਗਾ? ਗੁਰਦੇਵ ਨੌਵੇਂ ਪਾਤਸ਼ਾਹ ਜੀ ਹਿੰਦ ਦੀ, ਸ੍ਰਿਸ਼ਟ ਦੀ, ਬ੍ਰਹਿਮੰਡ ਦੀ ਚਾਦਰ ਹਨ। **ਵਡਾ ਨਾ ਹੋਵੈ ਘਾਟ ਨਾ ਜਾਏ॥** ਨਾ ਸਾਡੇ ਵਡਿਆਈ ਕੀਤਿਆਂ ਪਾਤਸ਼ਾਹ ਦਾ ਕੁਝ ਵੱਧਣਾ ਤੇ ਨਾ ਕਿਸੇ ਦੇ ਬੁਰਾਈ ਕੀਤਿਆਂ ਕੁਝ ਘੱਟਣਾ। ਇਹ ਇਹਨਾਂ ਨਿੰਦਕਾਂ ਤੇ ਮੂਰਖ ਅਗਿਆਨੀਆਂ ਦਾ ਕੰਮ ਹੈ ਪੰਥ ਵਿੱਚ ਦੁਬਿਧਾ ਪਾਉਣੀ, ਸੋ ਇਹ ਆਪਣਾ ਕਾਰਜ ਕਰ ਰਹੇ ਹਨ ਤੇ ਅਸੀਂ ਆਪਣਾ। ਤੇਗ ਬਹਾਦਰ ਹਿੰਦ ਦੀ ਚਾਦਰ ਸਨ ਹੁਣ ਵੀ ਨੇ ਤੇ ਰਹਿਣਗੇ ਵੀ। ਚਾਹੇ ਕੋਈ ਜਿਤਨਾ ਮਰਜੀ ਜ਼ੋਰ ਲਾ ਲਵੇ।

ਕੋਟਿ ਕੋਟਿ ਨਮਨ ਧੰਨ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਉਹਨਾਂ ਦੇ ਨਾਲ਼ ਸ਼ਹੀਦ ਹੋਏ ਉਹਨਾਂ ਦੇ ਪਿਆਰੇ ਭਾਈ ਸਤੀ ਦਾਸ ਜੀ, ਭਾਈ ਮਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੀ ਸ਼ਹਾਦਤ ਨੂੰ ਕੋਟ-ਕੋਟ ਪ੍ਰਣਾਮ। ਅਕਾਲ ਪੁਰਖ ਦੀ ਬਖ਼ਸ਼ਿਸ਼ ਸਦਕਾ ਆਪ ਸਭ ਸੰਗਤਾਂ ਗੁਰੂ ਪਾਤਸ਼ਾਹ ਜੀ ਅਤੇ ਉਹਨਾਂ ਦੇ ਪਿਆਰਿਆਂ ਦਾ 350 ਸਾਲਾ ਸ਼ਹੀਦੀ ਪੁਰਬ ਮਨਾ ਰਹੋ ਹੋ। ਧੰਨਤਾ ਦੇ ਪਾਤਰ ਹੋ ਗੁਰੂ ਭਲੀ ਕਰੇ। ਸ਼ਹਾਦਤਾਂ ਦੇ ਦਿਨਾਂ ਦੇ ਵਿੱਚ ਇਹੋ ਜਿਹੀਆਂ ਬੇਤੁਕੀਆਂ ਦਲੀਲਬਾਜੀਆਂ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ 'ਹਿੰਦ ਦੀ ਚਾਦਰ' ਲਕਬ ਦੇਣਾ ਗ਼ਲਤ ਹੈ, ਇਸ ਨਾਲ਼ੋਂ ਜੇ ਪਾਤਸ਼ਾਹ ਜੀ ਦੇ ਗੁਣ-ਗਾਣ ਕਰ ਕੇ ਜਿਹੜੇ ਅਕ੍ਰਿਤਘਣ ਕਸ਼ਮੀਰੀ ਪੰਡਿਤਾਂ ਦੇ ਵਾਰਿਸ ਗੁਰਦੇਵ ਜੀ ਅਤੇ ਉਹਨਾਂ ਦੇ ਪਿਆਰਿਆਂ ਦੀ ਸ਼ਹਾਦਤ ਨੂੰ ਵਿਸਾਰ ਗਏ ਉਹਨਾਂ ਨੂੰ ਹਰ ਵਕਤ ਯਾਦ ਕਰਵਾਉਂਦੇ ਰਹੀਏ।

ਗੁਰੂ ਪੰਥ ਦਾ ਦਾਸ
ਮਨਜੀਤ ਸਿੰਘ ਭੋਗਲ (ਜਰਮਨੀ)
ਮੁੱਖ ਸੰਪਾਦਕ 'ਪੰਜਆਬ' ਮੈਗਜ਼ੀਨ
ਚੇਅਰਮੈਨ (IPCC germany
intellectual punjabi Chamber of Commerce)
ਸਬ ਐਡੀਟਰ (ਪੰਜਾਬ ਹੈੱਡਲਾਈਨਜ਼)

* * * *



– ਗੁਰਚਰਨਜੀਤ ਸਿੰਘ ਲਾਂਬਾ

ਤਿਲਕ ਜੰਞੂ ਰਾਖਾ ਪ੍ਰਭੁ ਤਾ ਕਾ

ਸਤਿਗੁਰ ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਤੇਗ ਬਹਾਦੁਰ ਜੀ ਮਹਾਰਾਜ ਵੱਲੋਂ ਤਿਲਕ ਅਤੇ ਜੰਞੂ ਦੀ ਖ਼ਾਤਰ ਹੋਈ ਸ਼ਹਾਦਤ ਮਾਨਵਤਾ ਦੇ ਇਤਿਹਾਸ ਦੀ ਐਸੀ ਅਦੁੱਤੀ ਘਟਨਾ ਹੈ, ਜੋ ਨਾ ਪਹਿਲਾਂ ਕਦੇ ਹੋਈ ਹੈ ਅਤੇ ਨਾ ਹੀ ਹੋ ਸਕੇਗੀ।

ਰਾਜ ਔਰੰਗਜ਼ੇਬ ਦਾ। ਐਸਾ ਕਰੂਰ ਬਾਦਸ਼ਾਹ। ਜਿਸ ਨੇ ਦੁਨੀ ਦੀ ਖ਼ਾਤਰ ਦੀਨ ਗਵਾ ਲਿਆ। ਜਿਸ ਨੂੰ ਨਾ ਲੋਕ ਲਾਜ, ਨਾ ਬਾਪ 'ਤੇ ਤਰਸ, ਨਾ ਭਰਾਵਾਂ 'ਤੇ ਦਯਾ। ਐਸੇ ਗਰੂਰ ਅਤੇ ਹੰਕਾਰ ਵਿੱਚ ਭਰੇ ਵਕਤੀ ਬਾਦਸ਼ਾਹ ਦੇ ਸਿਰ 'ਤੇ ਆਪਣੇ ਸਰੀਰ ਦਾ ਠੀਕਰਾ ਭੰਨ ਦੇਣਾ। ਤਾਂਹੀਓ ਤਾਂ ਕਲਗ਼ੀਧਰ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਇਸ ਦੀ ਸਨਦ ਦਰਜ ਕਰ ਦਿੱਤੀ :

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ ॥
ਕੀਨੋ ਬਡੋ ਕਲੂ ਮਹਿ ਸਾਕਾ ॥
ਸਾਧਨ ਹੇਤਿ ਇਤੀ ਜਿਨਿ ਕਰੀ ॥
ਸੀਸੁ ਦੀਆ ਪਰੁ ਸੀ ਨ ਉਚਰੀ ॥13॥


ਕਲਗ਼ੀਧਰ ਪਿਤਾ ਵੱਲੋਂ ਦਰਜ ਕੀਤੀ ਗਈ ਇਹ ਗਵਾਹੀ ਬਹੁਤ ਹੀ ਮਹੱਤਵਪੂਰਨ ਹੈ। ਇਸ ਗਵਾਹੀ ਨੂੰ ਇੱਕ ਵਾਰ ਫਿਰ ਮਿਟਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸੁਚੇਤ ਹੋਣ ਦੀ ਲੋੜ ਹੈ।

ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਓਸ ਤਿਲਕ-ਜੰਞੂ ਨੂੰ ਬਚਾਉਣ ਦੀ ਖ਼ਾਤਰ ਹੋਈ, ਜਿਸ ਨੂੰ ਪਹਿਲੇ ਜਾਮੇ ਵਿੱਚ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਅਪ੍ਰਵਾਨ ਕਰ ਚੁੱਕੇ ਸਨ। ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਦ੍ਵਿਜ ਜਨਮ ਕਰਾਉਣ ਲਈ ਜਦੋਂ ਪੰਡਤ ਹਰੀ ਦਿਆਲ ਜੀ ਯਗਜੋਪਵੀਤ ਕਰਾਉਣ ਲੱਗੇ ਤਾਂ ਸਤਿਗੁਰੂ ਜੀ ਨੇ ਦ੍ਰਿੜ੍ਹਤਾ ਨਾਲ਼ ਇਸ ਧਾਗੇ ਦੇ ਬੰਧਨ ਵਿੱਚ ਬੰਨੇ ਜਾਣ ਤੋਂ ਇਨਕਾਰ ਕਰ ਦਿੱਤਾ। ਇਸ ਨੂੰ ਮੋਹਨ ਸਿੰਘ ਨੇ ਨਾਨਕਾਇਣ ਵਿੱਚ ਖ਼ੂਬਸੂਰਤੀ ਨਾਲ਼ ਬਿਆਨ ਕੀਤਾ ਹੈ :

ਪਿਆਰ ਨਾਲ਼ ਸਮਝਾਇਆ ਮੁੜ ਮੁੜ ਹਰੀ ਦਿਆਲ
ਤੇ ਪਿਉ ਨੇ ਧਮਕਾਇਆ ਕਢ ਕੇ ਅੱਖਾਂ ਲਾਲ।
ਪਰ ਬਾਬਾ ਨਾ ਡੋਲਿਆ ਕਾਇਮ ਰੱਖਿਆ ਚਿੱਤ
ਇਹ ਸੀ ਜੀਵਨ ਘੋਲ ਵਿੱਚ ਉਸ ਦੀ ਪਹਿਲੀ ਜਿੱਤ।

ਔਰੰਗਜ਼ੇਬ ਆਪਣੇ ਦੇਸ਼ ਦੀ ਸੀਮਾ ਅੰਦਰ ਕੇਵਲ ਇੱਕ ਧਰਮ ਸਥਾਪਤ ਕਰ ਕੇ ਆਪਣੇ ਢੰਗ ਦੀ 'ਕੌਮੀ ਏਕਤਾ' ਕਾਇਮ ਕਰਨਾ ਲੋਚਦਾ ਸੀ। ਇਹ ਵਿਕ੍ਰਿਤ ਰਾਸ਼ਟਰਵਾਦ ਜਦੋਂ ਜਨੂੰਨ ਦੀ ਹੱਦ ਤਕ ਪਹੁੰਚ ਜਾਏ ਤਾਂ ਫਿਰ ਇਹ 'ਰਾਸ਼ਟਰ ਬਾਦ' ਬਣ ਜਾਂਦਾ ਹੈ। ਇਸ ਬਾਰੇ ਕਵੀ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਨੇ ਅੰਕਿਤ ਕੀਤਾ ਕਿ ਜੇਕਰ ਗੁਰੂ ਗੋਬਿੰਦ ਸਿੰਘ ਜੀ ਨਾ ਹੁੰਦੇ ਤਾਂ 'ਰਾਸ਼ਟਰੀ ਏਕਤਾ' ਹੋ ਜਾਣੀ ਸੀ।

ਛਾਇ ਜਾਤੀ ਏਕਤਾ ਅਨੇਕਤਾ ਬਿਲਾਇ ਜਾਤੀ
ਫੈਲਤੀ ਕੁਚੀਲਤਾ ਕਤੇਬਨ ਕੁਰਾਨ ਕੀ
ਰੀਤ ਮਿਟ ਜਾਤੀ ਕਥਾ ਬੇਦਨ ਪੁਰਾਨ ਕੀ
ਪਾਪ ਹੀ ਪ੍ਰਪੱਕ ਜਾਤੇ ਧਰਮ ਧਸੱਕ ਜਾਤੇ



ਬਰਨ ਗਰੱਕ ਜਾਤੇ, ਸਹਿਜ ਬਿਧਾਨ ਕੀ
ਦੇਵੀ ਦੇਵ ਦੇਹੁਰੇ ਸੰਤੋਖ ਸਿੰਘਾਂ ਦੂਰ ਹੋਤੇ
ਮੂਰਤ ਨਾ ਹੋਤੀ ਜੋ ਪੈ ਕਰੁਨਾ ਨਿਧਾਨ ਕੀ॥

ਗੁਰਮਤਿ ਤਾਂ '**ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ**' ਨੂੰ ਪ੍ਰਣਾਈ ਹੋਈ ਹੈ। ਇਸ ਵਿਕ੍ਰਤੀ ਨੂੰ ਦੂਰ ਕਰਨ ਲਈ '**ਕਹੁ ਨਾਨਕ ਜਉ ਪਿਤਾ ਪਤੀਨੈ॥ ਪਿਤਾ ਪੂਤ ਏਕੈ ਰਿੰਗਿ ਲੀਨੈ॥**' (ਮ: 5, 1141) ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਬਾਲ ਗੋਬਿੰਦ ਰਾਇ ਜੀ ਨੇ ਮਤਾ ਪਕਾਇਆ ਅਤੇ ਗੁਰੂ ਤੇਗ ਬਹਾਦਰ ਜੀ ਨੇ ਆਪਣਾ ਸੀਸ ਦਾਨ ਦੇ ਦਿੱਤਾ। ਇਸ ਤੋਂ 'ਸੀਸ ਗੰਜ' ਸਥਾਪਤ ਹੋਇਆ। ਜਿੱਥੇ ਗੁਰੂ ਜੀ ਦਾ ਸੀਸ ਲੱਗਾ, ਉਹ 'ਸੀਸ ਗੰਜ' ਬਣਿਆ। ਇਸ ਸੀਸ ਗੰਜ ਤੋਂ ਅਣਗਿਣਤ 'ਸ਼ਹੀਦ ਗੰਜ' ਉਪਜੇ ਜਿੱਥੇ ਸਿੱਖਾਂ ਦੇ ਸਿਰ ਲੱਗੇ। 'ਸੀਸ ਗੰਜ' ਇੱਕ ਬੀਜ ਹੈ, 'ਸ਼ਹੀਦ ਗੰਜ' ਇਸ ਦੀ ਫਸਲ। ਰਕਤ ਬੀਜ ਤਾਂ ਪੌਰਾਣਿਕ ਚਰਿਤ੍ਰ ਸੁਣਿਆ ਸੀ ਪਰ ਇੱਥੇ ਤਾਂ ਪ੍ਰਤੱਖ ਸ਼ਹਾਦਤਾਂ ਦੇ ਪਰਵਾਨੇ ਆਏ। ਧਾਰਮਿਕ ਅਜ਼ਾਦੀ ਅਤੇ ਮਨੁੱਖੀ ਹਕੂਕ ਲਈ ਕੁਰਬਾਨੀ ਕਰ ਕੇ ਪਾਏ ਪੂਰਨੇ ਮਾਨਵਤਾ ਲਈ ਅਤੇ ਵਿਸ਼ੇਸ਼ ਕਰ ਕੇ ਸਿੱਖ ਕੌਮ ਲਈ ਇੱਕ ਚਾਨਣ ਮੁਨਾਰਾ ਅਤੇ ਪ੍ਰੇਰਨਾ ਸ੍ਰੋਤ ਬਣੇ।

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਿਰਭਉ-ਨਿਰਵੈਰ ਦਾ ਸਬਕ ਯਾਦ ਕਰਾਇਆ। ਇਸ ਵਿੱਚ ਨਿਰਭਉ ਅਤੇ ਨਿਰਵੈਰ ਇੱਕੋ ਸਮੇਂ ਹੋਣਾ ਸੀ। ਪਰ ਵੇਖਣ ਵਿੱਚ ਆਇਆ ਕਿ ਦੁਨੀਆ ਨੇ ਇਸ ਨੂੰ ਦੋ ਹਿੱਸਿਆਂ ਵਿੱਚ ਵੰਡ ਲਿਆ। ਜਿਹੜੇ ਜਾਬਰ ਅਤੇ ਜ਼ਾਲਮ ਸਨ, ਉਹ ਆਪਣੇ ਆਪ ਨੂੰ 'ਨਿਰਭਉ' ਕਹਿ ਕੇ ਆਪਣੀ ਪਿੱਠ ਥਾਪੜਦੇ ਸਨ ਕਿ ਅਸੀਂ ਕਿਸੇ ਕੋਲੋਂ ਵੀ ਨਹੀਂ ਡਰਦੇ। ਇਸ ਦੇ ਮੁਕਾਬਲੇ ਜਿਹੜੇ ਨਿਤਾਣੇ, ਮਾੜੇ, ਮਜ਼ਲੂਮ ਸ਼ਖ਼ਸ ਜ਼ਾਲਮ ਦੇ ਸਾਹਮਣੇ ਖੜ੍ਹੇ ਨਹੀਂ ਸਨ ਹੋ ਸਕਦੇ, ਉਹ ਆਪਣੇ ਆਪ ਨੂੰ 'ਨਿਰਵੈਰ' ਕਹਾ ਕੇ ਤਸੱਲੀ ਕਰਦੇ ਸਨ ਕਿ ਸਾਡੀ ਤਾਂ ਕਿਸੇ ਨਾਲ਼ ਵੀ ਦੁਸ਼ਮਣੀ ਹੀ ਨਹੀਂ।

ਇਸ ਦਾ ਜਵਾਬ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਦਿੱਤਾ '**ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ**' (ਮ: 9, 1427) । ਨਾ ਤਾਂ ਕਿਸੇ ਨੂੰ ਭੈਅਭੀਤ ਹੀ ਕਰਨਾ ਹੈ ਅਤੇ ਨਾ ਹੀ ਕਿਸੇ ਦਾ ਡਰ ਮੰਨਣਾ ਹੈ। ਇਹੀ ਗੁਣ ਤਾਂ ਅਕਾਲ ਪੁਰਖ ਦਾ ਹੈ। ਇਸ 'ਤੇ ਅਮਲੀ ਰੂਪ ਵਿੱਚ ਪਹਿਰਾ ਦਿੰਦਿਆਂ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕੁਰਬਾਨੀ ਦਿੱਤੀ।

ਸਤਿਗੁਰੂ ਜੀ ਦੀ ਸ਼ਹਾਦਤ ਦਾ ਇੱਕ ਹੋਰ ਅਨੋਖਾ ਪੱਖ ਹੈ ਕਿ ਆਪ ਜੀ ਦੇ ਦਾਦਾ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਵੀ ਸ਼ਹੀਦ, ਆਪ ਜੀ ਦੇ ਮਹਿਲ ਮਾਤਾ ਗੁਜਰੀ ਜੀ ਵੀ ਸ਼ਹੀਦ, ਆਪ ਜੀ ਦੇ ਚਾਰੇ ਪੋਤਰੇ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫ਼ਤਹਿ ਸਿੰਘ ਵੀ ਸ਼ਹੀਦ।

ਹੁਣ ਇਸ ਦਾ ਅਗਲਾ ਪੜਾਅ ਕਲਗ਼ੀਧਰ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮੁਕੰਮਲ ਕੀਤਾ ਕਿ ਜਦੋਂ ਸਾਰੇ ਹੀਲੇ ਵਰਤ ਕੇ ਸਾਰੇ ਉਪਾਅ ਖ਼ਤਮ ਹੋ ਜਾਣ ਤਾਂ ਸ੍ਰੀ ਸਾਹਿਬ ਹੱਥ ਵਿੱਚ ਲੈਣੀ ਜਾਇਜ਼ ਹੈ।

ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ॥
ਹਲਾਲ ਅਸਤੁ ਬੁਰਦਨ ਬ ਸ਼ਮਸ਼ੀਰ ਦਸਤ॥੨੨॥

ਮਾਨਵੀ ਭਾਵਨਾਵਾਂ ਅਤੇ ਕਦਰਾਂ-ਕੀਮਤਾਂ ਲਈ ਸਤਿਗੁਰੂ ਜੀ ਦਾ ਮਨ ਕਿਤਨਾ ਕੋਮਲ ਸੀ, ਉਸ ਦੀ ਇੱਕ ਉਦਾਹਰਣ ਹੈ ਕਿ ਸਤਿਗੁਰੂ ਜੀ ਨੇ ਪਟਨਾ ਸਾਹਿਬ ਤੋਂ ਬਨਾਰਸ ਦੀ ਸੰਗਤ ਨੂੰ ਇੱਕ ਹੁਕਮਨਾਮਾ ਉਚੇਚੇ ਤੌਰ 'ਤੇ ਭੇਜਿਆ। ਉਸ ਵਿੱਚ ਲਿਖਿਆ ਸੀ :

"ਭਾਈ ਜਵੇਹਰੀ ਸਰਬਤਿ ਸੰਗਤਿ ਗੁਰੂ ਰਖੈਗਾ। ਸਿਰੀਧਰ ਕੀ ਸੰਗਤਿ ਸੇਵਾ ਕਰਣੀ ਅਲੂਫਾ ਸਿਰੀਧਰ ਨੋ ਦੇਣਾ ਸਿਰੀਧਰ ਜਿਤ ਵੇਲਾ ਚੰਗਾ ਹੋਵੇਗਾ ਤਾ ਪਟਣੇ ਪਹੁਚਾਇ ਦੇਣਾ ਸੰਗਤਿ ਕਾ ਭਲਾ ਹੋਗੁ।"

ਸਿਰੀਧਰ ਸਤਿਗੁਰੂ ਜੀ ਦੇ ਘੋੜੇ ਦਾ ਨਾਂ ਸੀ ਜੋ ਬਨਾਰਸ ਵਿੱਚ ਬਿਮਾਰ ਹੋ ਗਿਆ। ਉਸ ਲਈ ਹਜ਼ੂਰ ਨੇ ਇਹ ਹੁਕਮਨਾਮਾ ਭਿਜਵਾਇਆ।

ਇਸੇ ਤਰ੍ਹਾਂ ਇੱਕ ਹੋਰ ਹਵਾਲਾ ਹੈ ਕਿ ਸਤਿਗੁਰੂ ਜੀ ਦ੍ਰਿੜ੍ਹਤਾ ਦੇ ਬਾਵਜੂਦ ਕੋਮਲਤਾ ਦੇ ਵੀ ਅਸੀਮ ਪੁੰਜ ਸਨ। ਆਪ ਜੀ ਜਦੋਂ ਧਮਧਾਨ ਪਹੁੰਚੇ ਤਾਂ ਇੱਕ ਜੱਟ ਦੁੱਧ

ਲੈ ਕੇ ਆਇਆ।

'ਕਹਯੋ ਦੇਖਿ ਕਰਿ ਦੁਗਧ ਜੁ ਆਨਾ। ਇਹੁ ਜਾਨੋ ਹੈ ਸ਼੍ਵੋਣ ਸਮਾਨਾ।
ਨਹੀਂ ਪਾਨ ਕੇ ਉਚਿਤ ਹਮਾਰੇ। ਲੇ ਗਮਨੋ ਨਿਜ ਸਦਨ ਮਝਾਰੇ'॥੪੧॥

(ਸੂਰਜ ਪ੍ਰਕਾਸ਼ ਰਾਸਿ ***11*** ਅੰਸੂ ***41***)

ਸਤਿਗੁਰੂ ਜੇ ਨੇ ਦੁੱਧ ਵਲ ਵੇਖ ਕੇ ਕਿਹਾ ਕਿ ਇਹ ਤਾਂ ਲਹੂ ਸਮਾਨ ਹੈ, ਇਹ ਮੇਰੇ ਪੀਣ ਲਾਇਕ ਨਹੀਂ ਹੈ। ਉਸ ਨੂੰ ਸਤਿਗੁਰੂ ਜੀ ਨੇ ਕਿਹਾ ਕਿ ਸਹੀ-ਸਹੀ ਦੱਸ ਕਿ ਇਹ ਮਾਜਰਾ ਕੀ ਹੈ। ਉਸ ਜੱਟ ਨੇ ਕਿਹਾ ਜੀ ਮੇਰੀ ਮੱਝ ਦਾ ਬੱਚਾ ਮਰ ਗਿਆ ਹੈ, ਉਹ ਦੁੱਧ ਚੋਣ ਲਈ ਬੈਠਣ ਨਹੀਂ ਦਿੰਦੀ। ਉਸ ਦੀ ਪੂਛ ਮਰੋੜ ਕੇ ਪਿਸ਼ਾਬ ਵਾਲ਼ੀ ਜਗ੍ਹਾ ਵਿੱਚ ਵਾੜਨ ਨਾਲ਼ ਇਹ ਦੁੱਧ ਦਿੰਦੀ ਹੈ। ਸਤਿਗੁਰੂ ਜੀ ਨੇ ਇਸ ਨੂੰ ਪਸ਼ੂਆਂ 'ਤੇ ਜ਼ੁਲਮ ਕਰਾਰ ਦੇ ਕੇ ਦੁੱਧ ਗ੍ਰਹਿਣ ਕਰਨ ਤੋਂ ਇਨਕਾਰ ਕਰ ਦਿੱਤਾ।

ਬੈਠਨਿ ਦੇਤਿ ਨਹੀਂ ਸੋ ਤਰੇ। ਮੂੜੀ ਦੀਨਿ ਗੋਡਬੋ ਕਰੇ।
ਤਬਿ ਤਿਸ ਨੇ ਤਰ ਦੁਗਧ ਉਤਾਰ। ਦੁਹਿ ਆਨਜੋ ਮੈਂ ਤਬਿ ਹੀ ਸਾਰਾ॥੪੪॥

(ਸੂਰਜ ਪ੍ਰਕਾਸ਼ ਰਾਸਿ ***11*** ਅੰਸੂ ***41***)

ਹੁਣ ਤਾਂ ਬਹੁਤੀ ਥਾਈਂ ਦੁੱਧ ਇਸੇ ਤਰ੍ਹਾਂ ਚੋਇਆ ਜਾਂਦਾ ਹੈ। ਸਤਿਗੁਰੂ ਜੀ ਨੇ ਇਸ ਨੂੰ ਅਪ੍ਰਵਾਨ ਕੀਤਾ। ਪਰ ਕਦੀ ਅਸੀਂ ਇਸ ਬਾਰੇ ਸੋਚਿਆ ਹੀ ਨਹੀਂ।

ਤਿਲਕ ਅਤੇ ਜੰਞੂ ਦੀ ਖ਼ਾਤਰ ਇਹ ਸ਼ਹਾਦਤ 1675 ਈਸਵੀ ਵਿੱਚ ਹੋਈ। ਇਸ ਘਟਨਾ ਤੋਂ 273 ਸਾਲ ਬਾਅਦ 10 ਦਿਸੰਬਰ, 1948 ਨੂੰ ਯੂਨਾਇਟਡ ਨੇਸ਼ਨਸ ਨੇ ਯੂਨੀਵਰਸਲ ਡੈਕਲੇਰੇਸ਼ਨ ਆਫ਼ ਹਿਊਮਨ ਰਾਈਟਸ ਅਪਣਾਇਆ। ਇਸ ਐਲਾਨਨਾਮੇ 'ਤੇ 48 ਮੁਲਕਾਂ ਨੇ ਦਸਤਖ਼ਤ ਕੀਤੇ । ਭਾਰਤ ਵੀ ਇਸ ਵਿੱਚ ਸ਼ਾਮਲ ਸੀ। ਇਸ ਡੈਕਲੇਰੇਸ਼ਨ ਦੀ ਦੀਆਂ ਤੀਹ ਮੱਦਾਂ ਸਨ, ਪਰ ਇਸ ਦੀਆਂ ਆਰਟੀਕਲ (ਮੱਦ) 1 ਅਤੇ 18. ਬਹੁਤ ਹੀ ਮਹੱਤਵਪੂਰਨ ਹੈ। ਇਹਨਾਂ ਮੁਤਾਬਕ ਹਰ ਮਨੁੱਖ ਨੂੰ ਧਾਰਮਿਕ ਅਤੇ ਰਾਜਨੀਤਕ ਅਜ਼ਾਦੀ ਹੈ ਅਤੇ ਉਸ ਨੂੰ ਆਪਣੇ ਧਰਮ ਦੀ ਪਾਲਣਾ ਕਰਨ ਦਾ ਬੁਨਿਆਦੀ ਹੱਕ ਹਾਸਲ ਹੈ।

ਸਾਹਿਬ ਗੁਰੂ ਤੇਗ ਬਹਾਦਰ ਜੀ ਨੇ ਧਾਰਮਿਕ ਅਜ਼ਾਦੀ ਅਤੇ ਮਨੁੱਖ-ਮਾਤਰ ਦੀ ਗੌਰਵਮਈ ਜੀਵਨ ਜਾਚ ਲਈ ਕੁਰਬਾਨੀ ਦਿੱਤੀ। ਸਤਿਗੁਰੂ ਜੀ ਨੇ ਦੂਸਰੇ ਦੇ ਧਰਮ ਦੀ ਖ਼ਾਤਰ ਸ਼ਹਾਦਤ ਦਿੱਤੀ। ਪਰ ਅੱਜ ਇਸ ਸਿਧਾਂਤ ਨੂੰ ਮੁੜ ਦ੍ਰਿੜ੍ਹ ਕਰਾਉਣ ਅਤੇ ਅਮਲ ਵਿੱਚ ਲਿਆਣ ਦੀ ਲੋੜ ਪਹਿਲੇ ਨਾਲ਼ੋਂ ਵੱਧ ਹੈ। ਕਿਸੇ ਦੇਸ਼ ਦੀ ਖ਼ੁਸ਼ਹਾਲੀ ਦਾ ਪੈਮਾਨਾ ਓਥੋਂ ਦੀਆਂ ਘੱਟ ਗਿਣਤੀਆਂ ਦੇ ਧਰਮ ਅਤੇ ਅਕੀਦੇ ਦੀ ਸੁਰੱਖਿਆ ਦੀ ਭਾਵਨਾ ਨਾਲ਼ ਨਿਰਧਾਰਤ ਹੁੰਦਾ ਹੈ।

ਕਲਗ਼ੀਧਰ ਪਿਤਾ ਨੇ ਵਾਰ ਸ੍ਰੀ ਭਗਉਤੀ ਜੀ ਕੀ ਉਚਾਰਦੇ ਹੋਏ ਇੱਕ ਬਚਨ ਕੀਤੇ ਹਨ ਅਤੇ ਅਸੀਸ ਦਿੱਤੀ ਹੈ:

'ਤੇਗ ਬਹਾਦੁਰ ਸਿਮਰੀਐ ਘਰਿ ਨੌ ਨਿਧ ਆਵੈ ਧਾਇ ॥ ਸਭ ਥਾਈ ਹੋਇ ਸਹਾਇ ॥੧॥'

ਇਸ 'ਤੇ ਸਿਦਕ ਸਬੂਰੀ ਨਾਲ਼ ਭਰੋਸਾ ਕਰੀਏ। ਧਰਮ ਕਾ ਜੈਕਾਰ ਹੋਏਗਾ।

* * * *

ਵਿੱਚ ਬੰਨ੍ਹੀ ਜਾਏਗੀ। ਇਸ ਸਾਰੇ ਮੰਜ਼ੂਰ ਨੂੰ ਪ੍ਰੋ. ਮੋਹਨ ਸਿੰਘ ਨੇ ਬਹੁਤ ਸੁੰਦਰ ਅੰਕਤ ਕੀਤਾ ਹੈ :

ਦਸ ਸਾਲਾਂ ਦੇ ਬਾਲ ਤੋਂ ਸੁਣ ਕੇ ਐਸੇ ਵਾਕ,
ਮੂੰਹ ਵਲ ਤਕਦੇ ਰਹਿ ਗਏ ਕਾਲੂ ਦੇ ਅੰਗ ਸਾਕ।
ਪਿੰਡ ਦੇ ਬਾਕੀ ਲੋਕ ਵੀ ਹੋਏ ਬੜੇ ਹੈਰਾਨ,
ਕਿੱਦਾਂ ਮੱਥਾ ਡਾਹਿਆ ਨਾਨਕ ਨਾਲ਼ ਚਟਾਨ।
ਸ਼ਾਸਤਰਾਂ ਦਾ ਭਰਮ-ਗੜ੍ਹ ਹੋਇਆ ਚਿਕਨਾ ਚੂਰ,
ਕੀਤਾ ਵਾਰ ਗਿਆਨ ਦਾ ਜਦ ਨਾਨਕ ਭਰਪੂਰ।
ਪਿਆਰ ਨਾਲ਼ ਨਾਲ਼ ਸਮਝਾਇਆ ਮੁੜ ਮੁੜ ਹਰੀ ਦਿਆਲ, ਤੇ ਧਮਕਾਇਆ ਪਿਉ ਨੇ ਕੱਢ ਕੇ ਅੱਖਾਂ ਲਾਲ। ਪਰ ਬਾਬਾ ਨਾ ਡੋਲਿਆ ਕਾਇਮ ਰਖਿਆ ਚਿੱਤ, ਇਹ ਸੀ ਜੀਵਨ-ਘੋਲ ਵਿੱਚ ਪਹਿਲੀ ਉਸ ਦੀ ਜਿੱਤ।

ਗੁਰੂ ਸਾਹਿਬ ਕਿਸੇ ਧਾਰਮਿਕ ਚਿੰਨ੍ਹ ਦੇ ਵਿਰੋਧ ਵਿੱਚ ਨਹੀਂ ਸਨ। ਬਲਕਿ ਉਹ ਰਹਿਤ ਹੀਣ ਬਾਣੇ ਦੇ ਵਿਰੋਧ ਵਿੱਚ ਆਗਾਹ ਕਰ ਰਹੇ ਸਨ। ਸਤਿਗੁਰੂ ਜੀ ਦੇ ਬਚਨ ਹਨ:

ਪਤਿ ਵਿਣੁ ਪੂਜਾ ਸਤ ਵਿਣੁ ਸੰਜਮੁ ਜਤ ਵਿਣੁ ਕਾਹੇ ਜਨੇਊ॥ ਨਾਵਹੁ ਧੋਵਹੁ ਤਿਲਕੁ ਚੜਾਵਹੁ ਸੁਚ ਵਿਣੁ ਸੋਚ ਨ ਹੋਈ॥੬॥

ਇਸ ਤਰ੍ਹਾਂ ਸ਼ੇਖ ਸ਼ਰਫ ਪੂਰਾ ਸਾਜ ਸ਼ਿੰਗਾਰ ਕਰ ਇਸਤ੍ਰੀ ਰੂਪ ਬਣਾ ਕੇ ਗੁਰੂ ਜੀ ਦੇ ਸਨਮੁਖ ਆਇਆ। ਗੁਰੂ ਜੀ ਮੁਸਕਰਾ ਪਏ । ਬਾਬੇ ਪੁੱਛਿਆ, 'ਸੇਖਾ ਏਹ ਕਿਆ ਸਾਂਗ ਕੀਤਾ ਹੈ।' ਕਹੈ 'ਜੀ ਪੀਉ ਮਿਲਣਿ ਦੀ ਨਮਤਿ ਸੀਗਾਰ ਕੀਤਾ ਹੈ'। ਤਾਂ ਬਾਬੇ ਕਹਿਆ 'ਸੇਖ ਜੀ ਭੇਖੀ ਕੀਤੀ ਸਹੁ ਭੀਜਦਾ ਨਾਹੀ। ਬਾਬੇ ਜੀ ਕੀ ਨਜਰਿ ਭਰ ਦੇਖਣੇ ਨਾਲਿ ਸੇਖ ਤਾਈ ਦ੍ਰਿਬ ਦ੍ਰਿਸਟ ਹੋਇ ਗਈ।'

ਮੱਕੇ ਮਦੀਨੇ ਦੀ ਗੋਸ਼ਟਿ ਵਿੱਚ ਅੰਕਤ ਹੈ ਕਿ ਕਾਜੀ ਰੁਕਨਦੀਨ ਦੇ ਬਾਅਦ ਪੀਰ ਬਹਾਵਦੀ ਨੇ ਵੀ ਗੁਰੂ ਨਾਨਕ ਦੇਵ ਜੀ ਨੂੰ 'ਸਿਰਦਾਰ' ਕਹਿ ਕੇ ਮੁਖਾਤਬ ਕੀਤਾ ਅਤੇ ਨਾਲ਼ ਹੀ ਕੁਝ ਸਵਾਲ ਜਵਾਬ ਕੀਤੇ। ਪੀਰ ਜੀ ਨੇ ਪੁੱਛਿਆ ਕਿ ਰੱਬ ਰਹਿੰਦਾ ਕਿੱਥੇ ਹੈ ਤੇ ਉਹ ਕਿਵੇਂ ਮਿਲਦਾ ਹੈ। ਇਸ ਦੇ ਨਾਲ਼ ਹੀ ਇਹ ਵੀ ਪੁੱਛਿਆ ਕਿ ਰੱਬ ਖਾਂਦਾ ਕੀ ਹੈ ਅਤੇ ਪੀਂਦਾ ਕੀ ਹੈ। ਗੁਰੂ ਜੀ ਨੇ ਜਵਾਬ ਦਿੱਤਾ ਕਿ ਉਹ ਰਾਗੁ ਖਾਂਦਾ ਹੈ ਅਤੇ ਸ਼ਬਦ ਪੀਂਦਾ ਹੈ।

ਆਖੇ ਨਾਨਕ ਸਾਹ ਸਚੁ ਸੁਣਹੁ ਬਹਾਵਦੀ ਸਾਹ।
ਕਰੁ ਮਸਕੀਨੀ ਬੰਦਗੀ ਤਾਂ ਮਿਲੀਐ ਬੇਪਰਵਾਹੁ।
ਨੂਰੀ ਸੁਰਤਿ ਰਬਿ ਦੀ ਰਹਦਾ ਸਭਨੀ ਜਾਇ।
ਖਾਂਦਾ ਰਾਗੁ ਨਿਆਮਤਾ ਪੀਦਾ ਸਬਦੁ ਅਘਾਇ।

ਸਤਿਗੁਰੂ ਜੀ ਦੇ ਆਗਮਨ ਤੋਂ ਪਹਿਲਾਂ ਇਸ ਦੇਸ਼ ਵਿੱਚ ਸ਼ਾਸਤ੍ਰਾਰਥ ਦੀ ਪਰਵਿਰਤੀ ਪ੍ਰਮੁਖ ਸੀ। ਸਤਿਗੁਰੂ ਜੀ ਨੇ ਕਦੀ ਵੀ ਸ਼ਾਸਤ੍ਰਾਰਤ ਜਾਂ ਬਹਿਸ ਮੁਬਾਹਸਾ ਨਹੀਂ ਕੀਤਾ। ਅਲਬੱਤਾ ਉਹਨਾਂ ਨੇ ਗੋਸ਼ਟੀ ਕੀਤੀ। ਸ਼ਾਤਸ੍ਰਾਰਥ debate ਹੁੰਦਾ ਹੈ ਅਤੇ ਗੋਸ਼ਟੀ discussion ਹੁੰਦੀ ਹੈ। ਸ਼ਾਤਤ੍ਰਾਰਥ ਵਿੱਚ ਕਿਸੇ ਨੂੰ ਜਿੱਚ ਕਰਨ ਅਤੇ ਹਰਾਉਣ ਦੀ ਬਿਰਤੀ ਹੁੰਦੀ ਹੈ। ਸਤਿਗੁਰੂ ਜੀ ਨੇ **'ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ॥'** ਯਾਨਿ ਗੋਸ਼ਟੀ ਦਾ ਰਾਹ ਅਪਣਾਇਆ।

ਇਸ ਗੁਰੂ ਨਾਨਕ ਨਿਰਮਲ ਪੰਥ ਨੂੰ ਗੁਰੂ ਨਾਨਕ ਦੇਵ ਜੀ ਨੇ ਅਰੰਭ ਤੋਂ ਹੀ ਨਿਆਰਾਪਣ ਬਖ਼ਸ਼ ਦਿੱਤਾ। ਗੁਰੂ ਸਾਹਿਬ ਦੀ ਨਾਨੂ ਪੰਡਤ ਨਾਲ਼ ਵਾਰਤਾਲਾਪ ਇਸ ਦੀ ਗਵਾਹੀ ਦਿੰਦੀ ਹੈ।

ਹਿੰਦੂ ਕੌਨ ਅਹੇ ਜਗ ਮਾਹੀ। ਮਾਸ ਪਕਾਇ ਗ੍ਰਹਨ ਮੈ ਖਾਹੀ। ਆਪ ਅਚਾਰਯ ਆਰਯਅ ਹੈ। ਕਯੋਂ ਫਿਰ ਮਾਸ ਪਕਾਵਨ ਬਹੇ॥੪੪॥ ਯੋਂ ਪੁਨ ਉੱਤ੍ਰ ਗੁਰੂ ਉਚਾਰੇ। ਹੈਂ ਹਮ ਹਿੰਦੂ ਤੁਰਕ ਤੈ ਨਜਾਰੇ। ਹਿੰਦੂ ਤੁਰਕ ਦੁਹਿਨ ਤੈ ਨਜਾਰੇ। ਫੱਕਰ ਜਾਤਿ ਇਲਾਈ ਧਾਰੇ॥੪੫॥

(ਗੁਰੂ ਪੰਥ ਪ੍ਰਕਾਸ਼)

ਇਹ ਪੰਥ ਤਾਂ ਅਕਾਲ ਪੁਰਖ ਦੀ ਆਗਿਆ ਪਾ ਕੇ ਪ੍ਰਗਟ ਹੋਇਆ ਹੈ। ਇਸ ਲਈ ਭਾਈ ਗੁਰਦਾਸ ਜੀ ਇਸ ਦੇ ਨਿਆਰੇਪਣ ਦੀ ਗਵਾਹੀ ਦਿੰਦੇ ਹਨ ਕਿ ਇਹ ਅਬਿਨਾਸ਼ੀ ਪੰਥ ਨਿਰੋਲੁ ਹੀ ਰਹੇਗਾ ਅਤੇ ਰਲਾਇਆ ਨਹੀਂ ਜਾ ਸਕੇਗਾ।

ਨਿਜ ਘਰਿ ਤਖਤੁ ਅਡੋਲੁਨ ਡੋਲੁ ਡੋਲਾਈਐ। ਗੁਰਮੁਖਿ ਪੰਥ ਨਿਰੋਲੁਨ ਰਲੇ ਰਲਾਈਐ।

ਲੋੜ ਹੈ ਸਿਦਕ ਭਰੋਸੇ ਦੀ। **ਕਾਮਨਾ ਅਧੀਨ ਸਦਾ ਦਾਮਨਾ ਪ੍ਰਬੀਨ ਏਕ ਭਾਵਨਾ ਬਿਹੀਨ ਕੈਸੇ ਪਾਵੈ ਜਗਦੀਸ ਕੌ॥** (ਦ.ਗ੍ਰੰ.) ਇਹ ਭਾਵਨਾ, ਸਿਦਕ, ਭਰੋਸਾ ਸ੍ਰੀ ਨਨਕਾਣਾ ਸਾਹਿਬ ਦੀ ਪਵਿਤ੍ਰ ਧਰਤੀ 'ਤੇ ਗੁਰੂ ਜੀ ਦੇ ਬਾਲਪਨ ਦੇ ਕੌਤਕ ਉਸ ਮਿੱਟੀ ਦੀ ਖੁਸ਼ਬੂ ਵਿੱਚ ਅੱਜ ਵੀ ਤਰੋ ਤਾਜ਼ਾ ਹਨ। ਉਹ ਸਾਖੀਆਂ ਕੋਮਲ ਮਲੂਕੜੇ ਮਨਾਂ ਨੂੰ ਗੁਰੂ ਚਰਨਾਂ ਨਾਲ਼ ਜੋੜਨ ਦੀ ਦੀ ਸਮਰੱਥਾ ਰੱਖਦੀਆਂ ਹਨ।

ਇਸ ਤੋਂ ਮੈਨੂੰ ਨਿਸਚਾ ਹੋਯਾ, ਫਿਕਰ ਹਟਾਵਣ ਵਾਲਾ।_ਤਰਨ ਵਾਲ਼ਿਆਂ ਨਾਲ਼ੋਂ ਕਾਹਲਾ, ਹੈ ਖ਼ੁਦ ਤਾਰਨ ਵਾਲਾ। ਤਦੇ ਮਸਤ ਹਾਂ ਆਪਾਂ ਬੈਠੇ, ਰਿਦਾ ਨਹੀਂ ਘਬਰਾਂਦਾ। ਲਖ ਕੋਹਾਂ ਫਿਰ ਜੋ ਨਹੀਂ ਥਕਦਾ, ਥਕੁ ਨ ਏਥੇ ਆਦਾ। ਆਪੇ ਆਉ, ਨਿਸਚੇ ਆਉ, 'ਸੁਥਰਾ' ਮੁਕਤਿ ਕਰਾਉ।
ਹਰਦਮ 'ਨਾਨਕ ਸ਼ਾਹ 'ਧਰਮ ਦਾ ਬੇੜਾ ਬੰਨੇ ਲਾਉ।

(ਬਾਦਸ਼ਾਹੀਆਂ)

ਨਾਨਕ ਸੋਧੇ ਸਿੰਮ੍ਰਿਤ ਬੇਦ॥ ਪਾਰ ਬ੍ਰਹਮ ਗੁਰ ਨਾਹੀ ਭੇਦ॥ (ਮ.ਪ ੧੧੪੨) ਵਾਹਿਗੁਰੂ ਦੀ ਜੋਤਿ ਗੁਰੂ ਨਾਨਕ ਦੇਵ ਜੀ ਦੇ ਰੂਪ ਵਿੱਚ ਪ੍ਰਗਟ ਹੋਈ ਅਤੇ ਇਹ ਦਸਾਂ ਜਾਮਿਆਂ ਵਿਚੋ ਹੋ ਕੇ ਸਾਹਿਬ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸਮਾਈ ਅਤੇ ਜੁਗਤੀ ਗੁਰੂ ਪੰਥ ਵਿੱਚ। ਇਸ ਭਾਵਨੀ ਨਾਲ਼ ਨਿਰੰਕਾਰ ਦੀ ਪ੍ਰਤੱਖ ਜੋਤਿ ਗੁਰੂ ਗ੍ਰੰਥ ਸਾਹਿਬ ਦੇ ਅੱਗੇ ਢਹਿ ਪਈਏ ਅਤੇ ਗੁਰਦੇਵ ਗੁਰੂ ਨਾਨਕ ਦੇਵ ਜੀ ਬਾਰੇ ਇਹੀ ਕਿਹਾ ਫ਼ਬਦਾ ਹੈ:

ਸਤਿਗੁਰ ਸਚਾ ਪਾਤਿਸਾਹੁ ਬੇਪਰਵਾਹੁ ਅਥਾਹੁ ਸਹਾਬਾ। ਨਾਉ ਗਰੀਬ ਨਿਵਾਜੁ ਹੈ ਬੇਮੁਹਤਾਜ ਨ ਮੋਹੁ ਮੁਹਾਬਾ। ਬੇਸੁਮਾਰ ਨਿਰੰਕਾਰੁ ਹੈ ਅਲਖ ਅਪਾਰੁ ਅਲਾਹ ਸਿਵਾਬਾ। ਕਾਇਮੁ ਦਾਇਮੁ ਸਾਹਿਬੀ ਹਾਜਰੁ ਨਾਜਰੁ ਵੇਦ ਕਿਤਾਬਾ। ਅਗਮੁ ਅਡੋਲੁ ਅਤੋਲੁ ਹੈ ਤੋਲਣਹਾਰੁ ਨ ਡੰਡੀ ਛਾਬਾ। ਇਕੁ ਛਤਿ ਰਾਜੁ ਕਮਾਂਵਦਾ ਦੁਸਮਣੁ ਦੂਤੁ ਨ ਸੋਰ ਸਰਾਬਾ। ਆਦਲੁ ਅਦਲੁ ਚਲਾਇਦਾ ਜਾਲਮੁ ਜੁਲਮੁ ਨ ਜੋਰ ਜਰਾਬਾ। ਜਾਹਰ ਪੀਰ ਜਗਤੁ ਗੁਰੁ ਬਾਬਾ॥੩॥

(18 ਅਕਤੂਬਰ, 2023)

* * * *



– ਡਾਕਟਰ ਸੁਰਜੀਤ ਸਿੰਘ ਜਰਮਨੀ
ਸਹਾਇਕ ਸੰਪਾਦਕ 'ਪੰਜਆਬ' ਮੈਗਜ਼ੀਨ
(President IPCC Germany)
Buro Chief Germany (ਪੰਜਾਬ ਹੈੱਡਲਾਈਨਜ਼)

ਸ਼ਹੀਦ ਭਾਈ ਸਤੀ ਦਾਸ ਜੀ

'ਤਾ ਕੀਆ ਗਲਾ ਕਥੀਆ ਨਾ ਜਾਹਿ'

ਰੂਹਾਨੀ ਅਨੁਭਵ ਨੂੰ ਬਿਆਨ ਕਰਨਾ ਸਭ ਤੋਂ ਔਖਾ ਕੰਮ ਹੁੰਦਾ। 'Rudolf Otto' ਜਰਮਨ ਦਾਰਸ਼ਨਿਕ ਲਿਖਦਾ 'Mysteriumtremendum et Fascinans' ਰੱਬ ਮੈਸਟੀਰਿਅਸ ਹੈ (ਭਾਵ ਬਹੁਤ ਭੇਦ ਭਰਿਆ ਹੈ), ਟਰਮੈਂਡਸ ਹੈ (ਇੰਨਾ ਵੱਡਾ ਕਿ ਖਵਾਬ-ਖ਼ਿਆਲ ਵੀ ਓਥੋਂ ਤਕ ਦੀ ਉਡਾਰੀ ਨਹੀਂ ਲਾ ਸਕਦੇ) ਤੇ ਫੈਸੀਨੇਟ ਇੰਨਾ ਕਰਦਾ (ਉਸ ਦੀ ਖਿੱਚ ਬਹੁਤ ਹੈ) ਜਿਸ ਨੂੰ ਖਿੱਚ ਲਵੇ ਉਸ ਨੂੰ ਆਪਣੇ ਵੱਲ ਹੀ ਖਿਚ ਕੇ ਰੱਖਦਾ। ਜਦੋਂ ਇੱਕ ਵਾਰ ਅਨੁਭਵ ਹੋ ਗਿਆ ਫਿਰ ਉਸ ਦੀ ਖਿੱਚ ਤੋਂ ਬਾਹਰ ਨਹੀਂ ਆ ਸਕਦੇ ਤੇ ਨਾ ਹੀ ਬਿਆਨ ਕਰ ਸਕਦੇ ਕਿ ਉਹ ਅਨੁਭਵ ਹੈ ਕੀ?


'ਕਹੁ ਕਬੀਰ ਗੂੰਗੈ ਗੁੜੁ ਖਾਇਆ
ਪੂਛੇ ਤੇ ਕਿਆ ਕਹੀਐ॥'

ਲੋਕ ਕਹਿੰਦੇ ਉਸ ਰੂਹਾਨੀਅਤ ਨੂੰ ਭਾਸ਼ਾ ਰਾਹੀਂ ਬਿਆਨ ਨਹੀਂ ਕੀਤਾ ਜਾ ਸਕਦਾ। ਬੁੱਧ ਨੂੰ ਕਿਸੇ ਪੁੱਛਿਆ ਕਿ 'ਕੀ ਤੂੰ ਆਪਣੇ ਅੰਦਰਲਾ ਅਨੁਭਵ ਮੇਰੇ ਅੰਦਰ ਟਰਾਂਸਫਰ ਕਰ ਸਕਦਾ ਹੈ?' ਤਾਂ ਬੁੱਧ ਦਾ ਜਵਾਬ ਸੀ "ਇਹ ਹੋ ਹੀ ਨਹੀਂ ਸਕਦਾ, ਕਿਉਂਕਿ ਕਿਸੇ ਅੰਦਰ ਵੀ ਗਿਆਨ ਜਾਂ ਤਾਂ ਸ਼ਬਦਾਂ ਰਾਹੀਂ ਭੇਜਿਆ ਜਾ ਸਕਦਾ ਹੈ ਜਾਂ ਆਪਣੇ ਆਪ ਹੀ ਅੰਦਰੋਂ ਅਨੁਭਵ ਹੋਵੇ। ਉਸ ਨੂੰ ਸ਼ਬਦਾਂ ਵਿੱਚ ਬਿਆਨ ਕੀਤਾ ਹੀ ਨਹੀਂ ਜਾ ਸਕਦਾ ਸੋ ਇਸ ਕਰ ਕੇ ਟਰਾਂਸਫਰ ਕਰਨਾ ਔਖਾ ਪਰ ਅੰਦਰੋਂ ਅਨੁਭਵ ਹੋਵੇ, ਉਸ ਦੀ ਸੰਭਾਵਨਾ ਹੈ।"

ਪਰ ਜਦੋਂ ਅਕਾਲ ਪੁਰਖ ਦੀ ਮਨੁੱਖ 'ਤੇ ਰਹਿਮਤ ਹੋਈ ਤਾਂ ਉਸ ਨੇ ਗੁਰੂ ਸਾਹਿਬਾਨਾਂ, ਭਗਤਾਂ, ਸਿੱਖਾਂ, ਭੱਟਾਂ ਕੋਲੋਂ ਖੜੀ ਬੋਲੀ ਵਿੱਚ ਹੀ ਬਿਆਨ ਕਰਵਾ ਦਿੱਤਾ। ਤੇ ਬਾਣੀ ਦੇ ਰੂਪ ਵਿੱਚ ਉਹ ਅਨੁਭਵ ਇਸ ਵਕਤ ਲੋਕਾਈ ਕੋਲ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿੱਚ ਮੌਜੂਦ ਹੈ।

ਬੋਧੀ ਤਿੰਨ ਸ਼ਰਨਾਂ ਨੂੰ ਮਹਾਨ ਮੰਨਦੇ ਹਨ ਬੁਧਮ ਸ਼ਰਨਮ ਗਛਮ (ਮੈਂ ਬੁੱਧ ਦੀ ਸ਼ਰਨ ਚ ਜਾ ਰਿਹਾ), ਧਰਮ ਸ਼ਰਨਮ ਗਛਮ (ਧਰਮ ਦੀ ਸ਼ਰਨ ਜਾ ਰਿਹਾ) ਤੇ ਅਖੀਰਲਾ ਸੰਘਮ ਸ਼ਰਨਮ ਗਛਮ (ਭਾਵ ਚੇਤੰਨ ਲੋਕਾਂ ਦੀ ਸਭਾ 'ਚ ਜਾ ਰਿਹਾ ਹਾਂ) ਜਿੱਥੇ ਸਿਰਫ਼ ਉੱਚੀ ਚੇਤਨਤਾ ਦੀ ਗੱਲ ਹੋਵੇ।

ਭਾਈ ਸਤੀ ਦਾਸ ਜੀ ਬੁਧਮ ਭਾਵ (ਅਕਾਲ ਪੁਰਖ) ਨੌਵੇਂ ਨਾਨਕ ਧੰਨ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਰਨ ਵਿੱਚ ਤਾਂ ਪਹਿਲਾਂ ਹੀ ਸਨ ਤੇ ਧਰਮ ਉਹਨਾਂ ਜਿੰਨਾ ਕਿਸ ਨੇ ਕਮਾਉਣਾ? ਧਰਮ ਦੀ ਸ਼ਰਨ 'ਚ ਤਾਂ ਉਹ ਹਰ ਵਕਤ ਸਨ। ਸੰਘਮ (ਸੰਘ) ਜਾਂ ਕਹਿ ਲਈਏ ਸਾਧ-ਸੰਗਤ, ਉਹ ਤਾਂ ਸਤੀ ਦਾਸ ਜੀ ਦੀ ਹਮੇਸ਼ ਹੀ ਚੇਤਨ ਲੋਕਾਂ ਦੀ ਰਹੀ, ਚੇਤਨਤਾ ਦੀ ਸਿਖ਼ਰ



ਭਾਈ ਮਤੀ ਦਾਸ ਤੇ ਭਾਈ ਦਿਆਲਾ ਜੀ ਆਖਰੀ ਵਕਤ ਵੀ ਸੰਗਤ 'ਚ ਮੌਜੂਦ ਸਨ। ਪਰ ਸਿੱਖੀ ਸਿਰਫ਼ ਸ਼ਰਨਾਂ ਦੀ ਨਹੀਂ ਇਸ ਵਿੱਚ ਕਿਸੇ ਵੀ ਖ਼ਾਸ ਤਬਕੇ ਨੂੰ ਕੋਈ ਛੋਟ ਨਹੀਂ, ਇਹ ਪ੍ਰੇਮ ਦੀ ਹੈ **'ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥'**

ਭਾਈ ਸਤੀ ਦਾਸ ਇੰਨੇ ਵੱਡੇ ਵਿਦਵਾਨ ਸਨ ਕਿ ਨੌਵੇਂ ਨਾਨਕ ਬਾਣੀ ਰਚਦੇ ਤੇ ਭਾਈ ਸਾਹਿਬ ਓਸ ਬਾਣੀ ਨੂੰ ਫ਼ਾਰਸੀ 'ਚ ਲਿਖਦੇ। ਫ਼ਾਰਸੀ ਸਮੇਤ ਸੰਸਕ੍ਰਿਤ ਗੁਰਮੁਖੀ ਦੇ ਇੰਨੇ ਵੱਡੇ ਵਿਦਵਾਨ ਕਿ ਓਸ ਵਕਤ ਇਹਨਾਂ ਦਾ ਕੋਈ ਮੁਕਾਬਲਾ ਨਹੀਂ।

"ਕਿਸੇ ਹਿੰਦੂ ਯਾ ਤੁਰਕ ਜਾਇ ਚੁਗਲੀ ਕੀਤੀ। ਬਾਣੀ ਸਾਹਿਬ ਦੀ ਖੁਹਾਇ ਸਭ ਲੀਤੀ। ਬਾਣੀ ਜੋ ਸਾਹਿਬ ਕਰਨ ਉਚਾਰ। ਸੋ ਸਤੀਦਾਸ ਨਿਤ ਕਰੇ ਫਾਰਸੀ ਵਿੱਚ ਉਤਾਰੁ।"

ਪੰਜਾਬ 'ਤੇ ਜਿਹੜਾ ਵੀ ਆਇਆ, ਉਸ ਨੇ ਇਹਨਾਂ ਲੋਕਾਂ 'ਤੇ ਰਾਜ ਕੀਤਾ ਕਿਉਂ ਜੁ ਗ਼ੁਲਾਮੀ ਇਹਨਾਂ ਦੇ ਅੰਦਰ ਘਰ ਕਰ ਗਈ ਸੀ ਤੇ ਦੂਜੇ ਪਾਸੇ ਪੰਜਾਬ ਦੇ ਜੱਟ ਕਬੀਲੇ ਵਾਲ਼ੇ ਜੇ ਕਿਤੇ ਗ਼ੁਲਾਮੀ ਨਹੀਂ ਮੰਨਦੇ ਸੀ, ਮੁਕਾਬਲਾ ਕਰ ਲੈਂਦੇ ਪਰ ਉਹਨਾਂ ਅੰਦਰ ਅਨੁਸ਼ਾਸ਼ਨ ਦੀ ਘਾਟ ਸੀ। ਨੌਵੇਂ ਪਾਤਸ਼ਾਹ ਤੇ ਉਹਨਾਂ ਦੇ ਨਾਲ਼ ਸ਼ਹੀਦ ਹੋਣ ਵਾਲ਼ਿਆਂ ਨੇ ਧਾੜਵੀਆਂ ਨੂੰ ਇਹ ਸੁਨੇਹਾ ਦਿੱਤਾ ਕਿ ਹੁਣ ਗ਼ੁਲਾਮੀ ਕਬੂਲ ਕਰਵਾ ਕੇ ਵਿਖਾਓ? ਕਿਉਂਕਿ ਜਦੋਂ ਉਪਰਲਾ ਵਰਗ ਗ਼ੁਲਾਮੀ ਕਬੂਲ ਕਰਦਾ ਤਾਂ ਹੇਠਲੇ ਬਦੋਬਦੀ ਮਜਬੂਰ ਹੋ ਜਾਂਦੇ। ਇਹੀ ਹੁਣ ਸਿੱਖਾਂ ਨਾਲ਼ ਵਾਪਰ ਰਿਹਾ, ਉੱਪਰ ਵਾਲਾ ਵਰਗ ਬਿਲਕੁਲ ਗ਼ੁਲਾਮ ਹੋ ਚੁੱਕਾ। ਤਾਂ ਹੀ ਪਾਤਸ਼ਾਹ ਦੀ ਸ਼ਹਾਦਤ ਨੂੰ 'ਧਰਮ ਦੀ ਸ਼ਹਾਦਤ' ਆਖਿਆ ਜਾਂਦਾ।

ਨੌਵੇਂ ਪਾਤਸ਼ਾਹ ਜਗਤ ਗੁਰੂ ਜੀ ਨੂੰ ਜ਼ਾਲਮ ਈਨ ਨਾ ਮੰਨਵਾ ਸਕੇ। ਭਾਈ ਮਤੀ ਦਾਸ ਸ਼ਹੀਦ ਕਰ ਦਿੱਤਾ। ਹੁਣ ਵਾਰੀ ਆਈ ਵਿਦਵਤਾ ਦੀ ਮੂਰਤ ਦੀ, ਜਿਸ ਦੇ ਸ਼ਾਸਤਰ ਜ਼ੁਬਾਨ 'ਤੇ ਤੈਰਦੇ ਹੋਣ, ਅਸਰ ਰਸੂਖ ਵੀ ਵੀ ਪੂਰਾ, ਪਰ ਬਾਤ ਤੇ ਪ੍ਰੇਮ ਨਾਲ਼ ਪੂਰੀ ਹੋਣੀ ਸੀ। ਪ੍ਰੇਮ 'ਚ ਇੰਨਾ ਲੀਨ ਪਾਤਸ਼ਾਹ ਕਿ ਕੈਦ ਵਿੱਚ ਬਾਣੀ ਰਚੀ ਜਾਂਦੇ। ਭਾਈ ਜੀ ਕਲਮਬੰਧ ਕਰੀ ਜਾਂਦੇ।

ਸੋ ਨਿਤ ਹੀ ਸਾਹਿਬ ਬਾਣੀ ਉਚਰਦੇ ਜਾਨ ਅਤੇ ਸਤੀਦਾਸ ਲਿਖਿ ਲਿਖਿ ਰੱਖਣ ਅਮਾਨ। ਜਿਸ ਦਿਨ ਦੇ ਸਾਹਿਬ ਬਾਣੀ ਉਚਾਰਨ ਆਹੇ ਲਗੇ। ਪ੍ਰਿਥਮੇ ਸਾਹਿਬ, ਇਹ ਬਚਨ ਹੈਸੀ ਕੀਤਾ। ਅਤੇ ਸਤੀ ਦਾਸ ਫ਼ਾਰਸੀ ਅੱਖਰਾਂ ਵਿਚਿ ਹੋਸੀ ਲਿਖਿ ਲੀਤਾ।

ਉਹ ਸ਼ਬਦ ਸੀ :

ਨਰ ਚਾਹਤ ਕਛੁ ਅਉਰ ਅਉਰੈ ਕੀ ਅਉਰੈ ਭਈ॥

ਚਿਤਵਤ ਰਹਿਓ ਠਗਉਰਿ
ਨਾਨਕ ਫਾਸੀ ਗਲ ਪਰੀ॥੯੬॥

ਪ੍ਰੇਮ ਇੰਨਾ ਸੀ ਨੌਵੇਂ ਨਾਨਕ ਨਾਲ਼, ਮਤੀ ਦਾਸ ਦੇ ਸ਼ਹੀਦ ਹੋਣ ਤੋਂ ਬਾਅਦ ਉਹ ਪਿਆਰ ਹੋਰ ਗੂੜ੍ਹਾ ਹੋ ਗਿਆ। ਗੁਰੂ ਜੀ ਵੱਲ ਤੱਕੀ ਜਾਵੇ ਤੇ ਵੈਰਾਗ 'ਚ ਭਿੱਜਿਆ ਮਨ ਅੰਦਰ ਅਰਦਾਸਾਂ ਕਰਦਾ ਪਿਆ। ਕਹਿੰਦਾ "ਪਾਤਸ਼ਾਹ! ਮਤੀ ਦਾਸ ਤੇ ਪ੍ਰਵਾਨ ਕਰ ਲਿਆ। ਮੈਂ ਵੀ ਓਸੇ ਹੀਰਾ ਨੰਦ ਦਾ ਫ਼ਰਜੰਦ ਹਾਂ, ਮੇਰੀ ਸੇਵਾ ਵੀ ਕਬੂਲ ਕਰੋ। ਮੇਰਾ ਦਿਲ ਕਰਦਾ ਪਤੰਗੇ ਦੀ ਤਰ੍ਹਾਂ ਤੇਰੇ ਪ੍ਰਕਾਸ਼ ਉਪਰੋਂ ਬਲ਼ ਜਾਵਾਂ।"

ਸਤੀ ਦਾਸ ਦੇ ਮਨ ਦੀ ਅਰਦਾਸ ਸੁਣ ਪਾਤਸ਼ਾਹ ਬੋਲੇ "ਸਤੀ ਦਾਸ ਪਤੰਗੇ ਦੀ ਪ੍ਰੀਤ ਉਸ ਨੂੰ ਖਿੱਚ ਕੇ ਲੈ ਜਾਂਦੀ, ਉਸ ਜਿਤਨੀ ਪ੍ਰੀਤ ਹੋਵੇ ਤਾਂ ਬਲਣਾ ਕਿਹੜਾ ਔਖਾ? ਪਰ ਇੱਕ ਪਾਸਾ ਨਾ ਕਰ, ਅਸਤੀਫ਼ਾ ਦੇ ਕੇ ਚਲਾ ਜਾ। ਤੈਂ ਸਿੱਖ ਪੰਥ ਕੇ ਅਹਿਮ ਕਾਰਜ ਕੀਤੇ ਹੈਨ ਤੇ ਹੋਰ ਵੀ ਕਰਨੇ।"

ਸਤੀਦਾਸ ਬੋਲਿਆ "ਪਾਤਸ਼ਾਹ! ਜੋ ਕਾਰਜ ਆਪ ਦੀ ਸੇਵਾ ਪੂਰ ਕਰਨੇ ਸੈਨ, ਉਹ ਆਪ ਜੀ ਸੇਵਾ ਲੈ ਲਈ ਹੁਣ ਤੇ ਚਿਤ ਕਰਦਾ ਤੇਰੇ ਉੱਪਰੋਂ ਕੁਰਬਾਨ ਹੋਵਾਂ ਪਰ ਸ਼ਮਾਂ ਵੱਲ ਜਾਵਾਂ ਕਿਵੇਂ, ਉਡਾਰੀ ਲਾਉਣ ਲਈ ਪੰਖ ਤੇ ਤੁਸਾਂ ਬਖ਼ਸ਼ਣੇ। ਖੰਭ ਬਖ਼ਸ਼ੋ ਤੇ ਨਾਲ਼ ਤਾਕਤ ਦੇਣੀ ਕਿ ਸਤੀ ਦਾਸ ਆਪ ਦੇ ਪ੍ਰਕਾਸ਼ ਉੱਪਰੋਂ ਬਲ਼ ਕੇ ਕੁਰਬਾਨ ਹੋ ਜੇ।"

ਪਾਤਸ਼ਾਹ ਨੇ ਮਿਹਰ ਦੀ ਨਿਗ੍ਹਾ ਨਾਲ਼ ਤੱਕਿਆ ਤੇ ਮੁਸਕਰਾਏ। ਓਧਰੋਂ ਮਿਲਣ ਦਾ ਵਕਤ ਖ਼ਤਮ ਹੋ ਗਿਆ। ਜੱਲ੍ਹਾਦ ਆਇਆ ਪੁੱਛਿਆ "ਸਤੀ ਦਾਸ ਕੀ ਨਿਰਣਾ ਕੀਤਾ?" ਸਤੀ ਦਾਸ ਬੋਲਿਆ "ਆਖ਼ਰੀ ਸਮੇਂ ਗੁਰੂ ਕੇ ਦਰਸ਼ਨਾਂ ਤੋਂ ਵਾਂਝਾ ਨਾ ਰਹਾਂ, ਇਤਨਾ ਕੁ ਨਿਰਣਾ ਕੀਤਾ।" ਜੱਲਾਦ ਨੇ ਜਾ ਕਾਜ਼ੀ ਨੂੰ ਆਖਿਆ ਕਿ ਇਹ ਈਨ ਮੰਨਣ ਵਾਲਾ ਨਹੀਂ। ਕਾਜ਼ੀ ਹੁਕਮ ਕੀਤਾ ਤੇ ਜੱਲਾਦ ਨੇ ਸਤੀ ਦਾਸ ਨੂੰ ਖੰਭੇ ਨਾਲ਼ ਬੰਨ੍ਹ ਕੇ ਸਰੀਰ ਦੇ ਦੁਵਾਲੇ ਰੂੰ ਲਪੇਟਿਆ। ਜੱਲਾਦ ਪੁੱਛਦਾ "ਸਤੀ ਦਾਸ! ਇੱਕ ਵਾਰ ਹੋਰ ਸੋਚ ਲੈ ਆਖ਼ਰੀ ਸਮਾਂ।" ਸਤੀ ਦਾਸ ਦਾ ਚਿਹਰਾ ਪੂਰਾ ਖਿੜ ਗਿਆ। ਪਾਤਸ਼ਾਹ ਵੱਲ ਤੱਕਦਾ ਹੋਇਆ ਖਿੜੇ ਮਨ ਨਾਲ਼ ਸ਼ੁਕਰਾਨਾ ਕਰਦਾ ਬੋਲਿਆ "ਵਾਹ ਓਏ ਜਗਤ ਦਿਆ ਮਾਲਕਾ, ਸਤੀ ਦਾਸ ਨੇ ਤਾਂ ਖੰਭ ਮੰਗੇ, ਤੂੰ ਸ਼ਮਾ ਹੀ ਕੋਲ ਲੈ ਆਇਆਂ।" ਤੇ ਗਰਜਵੀਂ ਅਵਾਜ਼ 'ਚ ਬੋਲਿਆ "ਕਾਜ਼ੀ ਸਾਬ! ਸੋਚ ਲਿਆ, ਜੇ ਆਖ਼ਰੀ ਸਮੇਂ ਸਤੀ ਦਾਸ ਦਾ ਫ਼ੈਸਲਾ ਸੁਣ ਕੇ ਉਸ ਦੀ ਇੱਛਾ ਪੂਰੀ ਕਰਨੀ ਚਾਹੋ ਤਾਂ ਤੁਹਾਡਾ ਅਹਿਸਾਨਮੰਦ ਹੋਵਾਂਗਾ।" ਕਾਜ਼ੀ ਨੇ ਸੋਚਿਆ ਕਿ ਡੋਲ ਗਿਆ ਲੱਗਦਾ, ਬੜੇ ਚਾਓ ਨਾਲ਼ ਕਾਜ਼ੀ ਕਹਿੰਦਾ "ਇਹ ਸਾਡਾ ਵਾਅਦਾ ਰਿਹਾ, ਬੋਲ ਕਿਹੜੀ ਇੱਛਾ? ਅਵੱਛ ਪੂਰੀ ਹੋਊ।" ਸਤੀ ਦਾਸ ਬੋਲਿਆ "ਕਾਜ਼ੀ ਸਾਬ! ਬਸ ਇਤਨਾ ਕਰਨਾ ਜਦੋਂ ਰੂੰ ਨੂੰ ਅੱਗ ਲਾਓ ਤਾਂ ਸਤੀ ਦਾ ਮੁੱਖ ਉਸ ਦੇ ਗੁਰੂ ਵੱਲ ਹੋਵੇ।" ਇਤਨਾ ਸੁਣਦੇ ਕਾਜ਼ੀ ਅੱਗ-ਬਬੂਲਾ ਹੋ ਗਿਆ। ਇਹੀ ਮੰਗ ਤਾਂ ਮਤੀ ਦਾਸ ਦੀ ਸੀ। ਨਾਲ਼ ਹੀ ਕਾਜ਼ੀ ਸੋਚਦਾ ਮੈਂ ਹੀ ਇਤਨਾ ਮੂਰਖ ਇਹਨਾਂ ਨੂੰ ਆਖ਼ਰੀ ਇੱਛਾਵਾਂ ਪੁੱਛੀ ਜਾਨਾ, ਇਹ ਤਾਂ ਮਰਨੋਂ ਮੂਲ ਨਹੀਂ ਡਰਦੇ। ਹੁਣ ਕਾਜ਼ੀ ਜ਼ੁਬਾਨ ਦੇ ਬੈਠਾ ਜੱਲਾਦ ਨੂੰ ਹੁਕਮ ਕੀਤਾ "ਇਸ ਦਾ ਮੂੰਹ ਪਿੰਜਰੇ ਵੱਲ ਕਰ ਕੇ ਇਸ ਨੂੰ ਅੱਗ ਹਵਾਲੇ ਕਰੋ।" ਇਤਨਾ ਕਹਿਣ ਦੀ ਦੇਰ, ਸਤੀ ਦਾਸ ਦਾ ਜਾਹੋ-ਜਲਾਲ ਹੋਰ ਤੇਜ਼ ਹੋ ਗਿਆ। ਅਜੇ ਨੀਝ ਨਾਲ਼ ਆਪਣੇ ਗੁਰੂ ਵੱਲ ਤੱਕ ਹੀ ਰਿਹਾ ਸੀ ਕਿ ਜੱਲਾਦ ਨੇ ਰੂੰ ਨੂੰ ਅੱਗ ਲਾ ਦਿੱਤੀ। ਸਤੀ ਦਾਸ ਪਤੰਗੇ ਦੀ ਤਰ੍ਹਾਂ ਪ੍ਰੇਮ ਦੀ ਅਗਨੀ ਵਿੱਚ ਬਲ਼ ਕੇ ਮਤੀ ਦਾਸ ਦੇ ਮਗਰੇ ਉਜਲਾ ਮੁੱਖ ਲੈ ਕੇ ਅਕਾਲ ਪੁਰਖ ਦੇ ਚਰਨਾਂ 'ਚ ਜਾ ਬਿਰਾਜਿਆ।

'ਬਾਣੀ ਬਹੁਤ ਆਹੀ ਸਤੀਦਾਸ ਪਾਸ ਲਿਖੀ ਹੋਈ। ਸਭੋ ਤੁਰਕਾਂ ਖੋਹਿ ਲੀਤੀ ਸੋਈ ਅਤੇ ਸਤੀਦਾਸ ਛਡਿਆ ਮਾਰ।'

(ਬੰਸਾਵਲੀਨਾਮਾ)

ਕਿਤਨਾ ਭਾਗਾਂ ਵਾਲਾ ਸੀ ਹੀਰਾ ਨੰਦ, ਜਿਸ ਦੇ 4 ਪੁੱਤਰਾਂ ਵਿੱਚੋਂ ਦੋ ਇੱਕੋ ਦਿਨ 11 ਨਵੰਬਰ 1675 ਨੂੰ ਸ਼ਹੀਦ ਹੋਏ। 1621 ਨੂੰ ਪਿੰਡ ਕਰਿਆਲਾ (ਕੜਿਆਲਾ), ਜ਼ਿਲ੍ਹਾ ਜੇਹਲਮ, ਲਹਿੰਦੇ ਪੰਜਾਬ ਅੰਦਰ ਜਨਮਿਆ ਭਾਈ ਸਤੀ ਦਾਸ, ਭਾਈ ਮਤੀ ਦਾਸ ਦਾ ਵੱਡਾ ਭਰਾ ਸੀ।

ਸਤੀਦਾਸ ਮਤੀਦਾਸ ਇਹ ਦੋਨੋਂ ਭਾਈ।
ਗੁਰੂ ਕੇ ਘਰ ਦੀ ਕੰਮੁ ਟਹਿਲ ਏਨਾਂ ਸਭ ਉਠਾਈ।

(ਬੰਸਾਵਲੀਨਾਮਾ)

ਵਿਦਵਤਾ ਪੱਖੋਂ ਤਾਂ ਮੁਕਾਬਲਾ ਹੀ ਕੋਈ ਨਹੀਂ ਪਰ ਹੁਣ ਵਿਦਵਤਾ ਹੀ ਨਹੀਂ ਖ਼ਾਲਸਾ ਪੰਥ ਭਾਈ ਸਤੀ ਦਾਸ ਨੂੰ ਉਸ ਦੇ ਪ੍ਰੇਮ ਕਰਕੇ ਵੀ ਜਾਣੇਗਾ। ਇਸ ਪ੍ਰੇਮ ਭਾਵਨਾ ਨੂੰ ਤੁਰਕ ਔਰੰਗਾ ਵੀ ਜਾਣਦਾ ਸੀ ਤਾਂ ਹੀ ਉਸ ਨੇ ਪਾਤਸ਼ਾਹ ਦੇ ਨਾਲ਼ ਭਾਈ ਸਾਹਿਬ ਜੀ ਨੂੰ ਵੀ ਗ੍ਰਿਫ਼ਤਾਰ ਕਰਨ ਦਾ ਹੁਕਮ ਦਿੱਤਾ ਸੀ। ਉਸ ਨੂੰ ਪਤਾ ਸੀ ਜੇ ਸਤੀ ਦਾਸ ਪਿੱਛੇ ਰਹਿ ਗਿਆ ਤਾਂ ਦਿੱਲੀ ਦੀ ਇੱਟ ਨਾਲ਼ ਇੱਟ ਖੜਕਾ ਦੇਵੇਗਾ।

'ਇੱਕ ਅਸ਼ਨੀ, ਇੱਕ ਨਫਰ, ਸਤੀਦਾਸ ਤੇ ਮਤੀਦਾਸ। ਇੱਕ ਆਪ ਇਹ ਪੰਜੇ ਪ੍ਰਾਨੀ ਭਏ ਮਵਾਸੁ।'

(ਬੰਸਾਵਲੀਨਾਮਾ)

ਇਤਨਾ ਪ੍ਰੇਮ ਕੇ ਆਪਣੇ ਗੁਰੂ ਤੋਂ ਕੁਰਬਾਨ ਹੋਣ ਵੇਲੇ ਵੀ ਸ਼ੁਕਰਾਨੇ ਦੀ ਅਰਦਾਸ ਕਰਦਾ ਰਿਹਾ। ਜਦੋਂ ਪਾਤਸ਼ਾਹ ਦੀ ਗ੍ਰਿਫ਼ਤਾਰੀ ਹੋਈ ਸੀ, ਭਾਈ ਸਤੀ ਦਾਸ ਓਸ ਵਕਤ ਵੀ ਨਾਲ਼ ਖੜਿਆ। ਜਿਸ ਦੀ ਗਵਾਹੀ ਕੇਸਰ ਸਿੰਘ ਛਿੱਬਰ ਭਰਦਾ ਹੈ:

ਨਫਰੁ ਨਾਲੋਂ ਨਸ ਭੱਜ ਗਿਆ।
ਸਤੀਦਾਸ ਅਤੇ ਸਾਹਿਬ ਦੁਇ ਪ੍ਰਾਨ ਖੜੇ ਰਿਹਾ।
ਸੋ ਪਿੰਜਰਾ ਲੋਹੇ ਦਾ ਕਰਿ ਲਿਆਏ।
ਸਾਹਿਬ ਤਿਸ ਵਿਚਿ ਲੀਤੇ ਪਾਇ।
ਆਹੇ ਕਰਨ ਕਾਰਨ ਸਮਰੱਥ।
ਪਰ ਰਜਾਇ ਮੰਨੀ, ਧਰਿ ਮੱਤੇ ਹੱਥ।
ਦੇਵਨ ਦੁਖ ਤੇ ਮੰਗਨ ਰੋਜੁ।
ਸਾਹਿਬ ਆਖਨ ਲਉ ਸਿਖਾਂ ਤੇ ਖੋਜ।
ਸਿਖ ਸਭ ਸਿਖੀਓਂ ਮੁਕਰ ਪਏ।
ਪਿਆਦੇ ਸਤੀਦਾਸ ਨੂੰ ਨਾਲਿ ਲੈ ਗਏ।

ਰੂੰ ਨਾਲ਼ ਬੰਨ ਕੇ ਸਾੜੇ ਗਏ, ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ ਖ਼ਾਲਸਾ ਜੀ! ਬੋਲੋ ਜੀ ਵਾਹਿਗੁਰੂ।

ਭਾਈ ਸਤੀ ਦਾਸ ਜੀ ਦੀ ਸ਼ਹੀਦੀ ਨੂੰ ਕੋਟ-ਕੋਟ ਪ੍ਰਣਾਮ

* * * *

ਸਫ਼ਾ ਨੰਬਰ 9 ਦਾ ਬਾਕੀ ਹਿੱਸਾ

ਕੋਲੋਂ ਇੱਕ ਬੂੰਦ ਜਿੰਨਾ ਬਲ਼ ਲੈ ਕੇ ਕਾਹਤੋਂ ਉਛਲਦਾ ਫਿਰਦਾਂ? ਇਹ ਵਕਤ ਭਾਣੇ 'ਚ ਰਹਿਣ ਦਾ..।" ਮਤੀ ਦਾਸ ਹੱਥ ਜੋੜੇ ਕਹਿਆ : "ਪਾਤਸ਼ਾਹ ਕਿਰਪਾ ਕਰੋ ਫਿਰ, ਉਹ ਭਾਣਾ ਮੰਨਣ ਦੀ ਤਾਕਤ ਬਖ਼ਸ਼ੋ।"

ਅਬ ਇਹ ਇੱਛਾ ਸੀਖ ਹਮਾਰੀ॥ ਨਮੋ ਕਰਹੁ ਕਰਤਾਰ ਅਗਾਰੀ॥ ਮਤੀਦਾਸ ਸੁਨ ਕੈ ਇਮ ਕਰਨਨ॥ ਕਰੀ ਬੰਦਨਾ ਸਤਿਗੁਰ ਚਰਨਨ॥

ਜਿਹੜਾ ਮਤੀ ਦਾਸ ਗੁਰੂ ਨੂੰ ਪਿੰਜਰੇ 'ਚ ਵੇਖ ਇੰਨੇ ਰੋਹ 'ਚ ਆ ਗਿਆ ਕਿ ਹਕੂਮਤ ਦੀ ਇੱਟ ਨਾਲ਼ ਇੱਟ ਖੜਕਾਉਣ ਲਈ ਕਾਹਲ਼ਾ ਸੀ, ਜਦੋਂ ਆਰਾ ਸੀਸ 'ਤੇ ਚੱਲਿਆ ਤਾਂ ਅਸੀਮ ਸ਼ਾਂਤੀ 'ਚ ਡੁੱਬ ਗਿਆ। ਸਰੀਰ ਦੋਫਾੜ ਹੋ ਗਿਆ ਪਰ ਮਤੀ ਦਾਸ ਦੀ ਸ਼ਾਂਤੀ ਭੰਗ ਨਾ ਹੋਈ।

ਇਹ ਗੱਲ ਕੋਲ ਖੜੇ ਸਿਪਾਹੀ ਨੇ ਜਾ ਕਾਜ਼ੀ ਨੂੰ ਦੱਸੀ ਕਿ ਮਤੀ ਦਾਸ ਬਗ਼ਾਵਤ ਕਰਨ ਦੀ ਗੱਲ ਪਿਆ ਕਰਦਾ। ਕਾਜ਼ੀ ਆਂਹਦਾ : "ਮਤੀ ਦਾਸ ਜੇ ਹਕੂਮਤ ਦੇ ਖ਼ਿਲਾਫ਼ ਬਗ਼ਾਵਤ ਕਰਨ ਦੀ ਗੱਲ ਕਰਦਾ ਤਾਂ ਇਸ ਦੀ ਜ਼ੁਬਾਨ ਕੱਟ ਦਿੱਤੀ ਜਾਵੇ।"

ਜ਼ੁਬਾਨ ਕੱਟਣ ਦਾ ਹੁਕਮ ਦੇ ਕਾਜ਼ੀ ਬੋਲਿਆ: "ਮਤੀ ਦਾਸ! ਵਕਤ ਈ, ਇਸਲਾਮ ਕਬੂਲ ਕਰ ਲੈ? ਹਰੇਕ ਦੌਲਤ ਸ਼ੋਹਰਤ ਮਿਲੂਗੀ..।" ਭਾਈ ਸਾਹਿਬ ਆਖਿਆ : "ਕਾਜ਼ੀ ਸਾਬ! ਇਤਨੇ ਸਾਲ ਦੀ ਗੁਰੂ ਘਰ ਦੀ ਦੀਵਾਨੀ ਕਰ ਰਿਹਾਂ, ਬਚਪਨ ਤੋਂ ਹੀ ਪਿਤਾ ਹਜ਼ੂਰ ਗੁਰੂ ਹਰਿ ਰਾਇ ਜੀ ਦੇ ਪਾਸ ਛੱਡ ਆਏ ਸਨ। ਮੇਰਾ ਦਾਦਾ ਦੀਵਾਨ, ਫਿਰ ਚਾਚਾ ਦਰਗਾਹ ਮੱਲ ਗੁਰੂ ਕਾ ਦੀਵਾਨ ਤੇ ਫਿਰ ਮਤੀ ਦਾਸ ਨੇ ਉਹ ਦੀਵਾਨੀ ਕੀਤੀ। ਦੌਲਤਾਂ ਦਾ ਤਾਂ ਕਦੇ ਘਾਟਾ ਨਹੀਂ ਰਿਹਾ। ਹਰੇਕ ਦੁਨੀਆਂ ਦੇ ਰੰਗ-ਤਮਾਸ਼ਿਆਂ ਦਾ ਸਵਾਦ ਚੱਖ ਲਿਆ, ਬਸ ਅੱਜ ਤਕ ਜ਼ੁਬਾਨ ਕਟਵਾਉਣ ਵਾਲਾ ਅਨੰਦ ਨਹੀ ਲਿਆ।"

ਇਤਨਾ ਸੁਣਦੇ ਕਾਜ਼ੀ ਹੋਰ ਅੱਗ-ਬਬੂਲਾ ਹੋ ਬੋਲਿਆ: "ਇਸ ਦੀ ਜ਼ੁਬਾਨ ਅੱਧ ਵਿੱਚੋਂ ਕੱਟਾਗੋਂ।" ਫਿਰ ਹੁਕਮ ਦਿੱਤਾ ਕਿ ਆਰੇ ਨਾਲ਼ ਵਿਚਕਾਰੋਂ ਚੀਰ ਦਿੱਤਾ ਜਾਏ।

ਮਤੀ ਦਾਸ ਕੋ ਕੀਨਿ ਬੁਲਾਵਨਿ॥ ਦੁਇ ਤਖਤੇ ਮਹਿਂ ਕਰਯੋ ਬੰਧਾਵਨਿ॥ ਹੁਕਮ ਜਲਾਦਨਿ ਤਬਹਿ ਉਚਾਰਾ॥ ਲੈ ਆਰਾ ਸਿਰ ਪਰ ਤਿਸ ਧਾਰਾ॥

ਕਾਜ਼ੀ ਆਖਿਆ ਮਤੀ ਦਾਸ ਆਖ਼ਰੀ ਸਮਾਂ ਸੋਚ ਲੈ ਤੇ ਕੁਝ ਮੰਗ ਲਾ? ਮਤੀ ਦਾਸ ਕਹਿੰਦਾ : "ਕਾਜੀ ਸਾਬ! ਜੇ ਮੰਗ ਪੂਰੀ ਕਰਨੀ ਤਾਂ ਆਰਾ ਫੇਰਨ ਵੇਲ਼ੇ ਮੇਰਾ ਮੂੰਹ ਮੇਰੇ ਗੁਰੂ ਵੱਲ ਕਰ ਦੇਈਂ। ਮਤੀ ਦਾਸ ਗੁਰੂ ਤੋਂ ਪਾਸੇ ਮੂੰਹ ਕਰ ਕੇ ਸ਼ਹੀਦ ਨਹੀਂ ਹੋਣਾ ਚਾਹੁੰਦਾ।"

ਅਖ਼ੀਰ ਮਿਤੀ 11 ਨਵੰਬਰ 1675 ਈ. ਨੂੰ ਭਾਈ ਸਾਹਿਬ ਦਾ ਮੂੰਹ ਹਿੰਦ ਦੀ ਚਾਦਰ ਵਾਲ਼ੇ ਪਾਸੇ ਕਰ ਕੇ ਆਰੇ ਨਾਲ਼ ਸਰੀਰ ਦੋਫਾੜ ਕਰ ਦਿੱਤਾ।

ਤਨ ਆਰਿਆਂ ਨਾਲ਼ ਚਿਰਾਏ ਗਏ, ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ ਖ਼ਾਲਸਾ ਜੀ, ਬੋਲੋ ਜੀ ਵਾਹਿਗੁਰੂ।

* * * *



– ਡਾਕਟਰ ਸੁਰਜੀਤ ਸਿੰਘ ਜਰਮਨੀ
ਸਹਾਇਕ ਸੰਪਾਦਕ 'ਪੰਜਆਬ' ਮੈਗਜ਼ੀਨ
(President IPCC Germany)
Buro Chief Germany (ਪੰਜਾਬ ਹੈੱਡਲਾਈਨਜ਼)

ਸ਼ਹੀਦ ਭਾਈ ਮਤੀ ਦਾਸ ਜੀ

'ਮੰਨੇ ਕੀ ਗਤਿ ਕਹੀ ਨ ਜਾਇ'

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥

ਨਾਲ਼ ਹੀ ਜਲ੍ਹਾਦ ਨੇ ਆਰਾ ਚਲਾਉਣਾ ਸ਼ੁਰੂ ਕਰਤਾ ਪਰ ਜਪੁਜੀ ਨਹੀਂ ਰੁਕੀ!

''ਜਪੁ''॥

ਅਰਧੋ ਅਰਧ ਚਿਰਾਇ ਸੁ ਡਾਰਾ। ਪਰਯੋ ਪ੍ਰਿਥੀ ਪਰ ਹ੍ਵੈ ਦੋ ਫਾਰਾ। ਦੋਨਹੁ ਤਨ ਤੇ ਜਪੁਜੀ ਪਢੈ। ਹੇਰਤਿ ਸਭਿ ਕੋ ਅਚਰਜ ਬਢੈ।

ਸਿਰ ਵਿੱਚੋਂ ਲਹੂ ਦੇ ਪਰਨਾਲੋ ਛੁੱਟ ਪਏ ਦੇਖਦੇ ਹੀ ਦੇਖਦੇ ਸਰੀਰ ਦੋ ਫਾੜ੍ਹ ਹੋ ਗਿਆ।

ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥1॥

ਹੋਇ ਦੁਖੰਡ ਨ ਜੀਵਤਿ ਕੋਈ। ਇਹ ਤੋ ਪਠਤਿ ਜਿਯਤਿ ਜਿਮ ਹੋਈ। ਭੋਗ ਪਾਇ ਕਰ ਦੋਨਹੁ ਤਨਤੇ। ਗੁਰਪੁਰਿ ਪਹੁੰਚਯੋ ਪ੍ਰੇਮੀ ਮਨ ਤੇ।

ਇਹ ਪਹਿਲੀ ਵਾਰੀ ਸੀ, ਦੋ ਹਿੱਸਿਆਂ 'ਚੋਂ ਅਵਾਜ਼ ਆ ਰਹੀ ਸੀ। ਲੋਕ ਮੂੰਹ ਵਿੱਚ ਉਗਲਾਂ ਪਾ ਦੇਖਣ ਲੱਗੇ। ਜਪੁਜੀ ਤਾਂ ਬਹੁਤ ਲੋਕਾਂ ਪੜ੍ਹੀ ਤੇ ਰੋਜਾਨਾ ਪੜ੍ਹਦੇ ਹਨ। ਪਰ ਅਜਿਹਾ ਜਪੁਜੀ ਸਾਹਿਬ ਦਾ ਪਾਠ ਕਿਸੇ ਨਾ ਕੀਤਾ।


ਮੰਨੇ ਕੀ ਗਤਿ ਕਹੀ ਨ ਜਾਇ ॥ ਜੇ ਕੋ ਕਹੈ ਪਿਛੈ ਪਛੁਤਾਇ ॥ ਕਾਗਦਿ ਕਲਮ ਨ ਲਿਖਣਹਾਰੁ ॥ ਮੰਨੇ ਕਾ ਬਹਿ ਕਰਨਿ ਵੀਚਾਰੁ ॥ ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥੧੨॥

ਇਉਂ ਜਾਪ ਰਿਹਾ ਸੀ ਜਿਵੇਂ ਹਕੂਮਤ ਨੂੰ ਕਹਿ ਰਹੇ ਹੋਣ ਕਿ ਇਹ ਮਨ ਦੇ ਆਖੇ ਲੱਗ ਤੁਸੀਂ ਇਤਨੇ ਜ਼ੁਲਮ ਕਰ ਰਹੇ ਹੋ ਇਸ ਦੀ ਗਤਿ ਭਾਵ ਸਪੀਡ ਕਹੀ ਨਹੀਂ ਜਾ ਸਕਦੀ। ਇਹ ਤਾਂ ਹਜਾਰਾਂ ਪੈਰ ਤੇ ਅੱਖਾਂ ਲੈ ਕੇ ਪੈਦਾ ਹੋਇਆ ਹੈ (ਪਿਤਾ ਦਸਮੇਸ਼ ਜੀ ਵੀ ਆਖਦੇ ''ਸਹਸ ਰਾਛ ਜਾ ਕੇ ਸੁਭ ਸੋਹੈ ॥ ਸਹਸ ਪਾਦ ਜਾ ਕੇ ਤਨਿ ਮੋਹੈ॥'(ਹੁਣ ਮਨ ਪੈਦਾ ਹੋਇਆ ਜਿਸ ਦੇ ਹਜਾਰ ਪੈਰ ਤੇ ਹਜਾਰ ਅੱਖਾਂ ਨੇ (ਭਾਵ ਇਹ ਮਨ ਇੱਕ ਥਾਂ ਟਿਕ ਕੇ ਨਹੀਂ ਬੈਠਦਾ)। ਇਸ ਨੂੰ ਪੈਰ ਤੇ ਅੱਖਾਂ ਹੀ ਇੰਨੀਆ ਮਿਲੀਆਂ ਹੋਈਆਂ ਨੇ (ਇਸ ਦੇ ਮਗਰ ਲੱਗੋਗੇ ਤਾਂ ਅੰਤ ਨੂੰ ਪਛਤਾਉਣਾ ਪੈਣੈ)। ਜਿਤਨੇ ਮਰਜੀ ਹਿਸਾਬ-ਕਿਤਾਬ ਲਾ ਲਓ, ਵੱਢੀਆਂ ਖਾ ਕੇ ਫ਼ਤਵੇ ਜਾਰੀ ਕਰੀ ਜਾਓ। ਇਸ ਮੰਨ ਦੇ ਲਾਲਚ ਨੂੰ ਕੋਈ ਕਾਗਦ, ਕਲਮ ਨਹੀਂ ਲਿਖ ਸਕਦੀ। ਇਸ ਦਾ ਗੁਰੂ ਚਰਨਾਂ 'ਚ ਬੈਠ ਕੇ ਵੀਚਾਰੁ ਕਰਨਾ ਪੈਣਾ ਜੋ ਅੱਜ ਮਤੀ ਦਾਸ ਨੇ ਕੀਤਾ ਤੇ ਮੁਖ ਉਜਲਾ ਲੈ ਅਕਾਲ ਪੁਰਖ ਪਾਸ ਜਾ ਰਿਹਾ।

'ਦੋਨੋ ਤਨ ਤੇ ਜਪੁਜੀ ਪੜੈ ਦੇਖਰ ਸਭ ਕੋ ਅਚਰਜ ਬੜੈ।'

ਅਖ਼ੀਰ ਜਦੋਂ **'ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥ ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ'** ਪੜ੍ਹਿਆ ਤਾਂ ਸਰੀਰ ਦੇ ਦੋਵੇਂ ਹਿੱਸੇ ਸ਼ਾਂਤ ਹੋ ਗਏ। ਓਦੋਂ ਤਕ ਭਾਈ ਮਤੀ ਦਾਸ ਜੀ ਉਜਲਾ ਮੁਖ ਲੈ ਅਕਾਲ ਪੁਰਖ ਦੇ ਚਰਨਾਂ ਪਾਸ ਜਾ ਬਿਰਾਜੇ ਸਨ।

ਗੁਰੂ ਦੇ ਸਾਹਮਣੇ ਬੈਠ ਕੇ ਸਿੱਖਾਂ ਨੂੰ ਸ਼ਹੀਦ ਹੋਣ ਦਾ ਵਲ਼ ਦੱਸਣ ਵਾਲਾ ਯੋਧਾ ਛੇਵੇਂ ਪਾਤਸ਼ਾਹ ਜੀ ਦੀ ਫੌਜ ਦੇ ਜਰਨੈਲ 'ਭਾਈ ਪਰਾਗਾ' ਦੀ ਅੰਸ-ਬੰਸ ਵਿੱਚੋਂ ਸੀ।



ਕਮਾਲ ਦੀ ਗੱਲ ਇਹ ਹੈ ਅਜਿਹੀ ਅਦੁੱਤੀ ਸ਼ਹਾਦਤ ਦੇਣ ਵਾਲ਼ੇ ਯੋਧੇ ਦੇ ਪਿਤਾ ਬਾਰੇ ਹੀ ਸਿੱਖ ਕੌਮ ਨੂੰ ਕੋਈ ਜਾਣਕਾਰੀ ਨਹੀਂ। ਸ਼ੋਸ਼ਲ ਮੀਡੀਆ ਵਾਲ਼ੇ ਵਿਦਵਾਨ, ਇਹਨਾਂ ਦੇ ਪਿਤਾ 'ਭਾਈ ਪਰਾਗਾ' ਜੀ ਨੂੰ ਆਖੀ ਜਾਂਦੇ ਤੇ ਯੂਨੀਵਰਸੀਟੀਆਂ ਵਾਲ਼ੇ ਪ੍ਰੋਫ਼ੈਸਰ ਸਾਬ 'ਹੀਰਾ ਮੱਲ' ਲਿਖੀ ਜਾਂਦੇ ਅਤੇ ਹਰਿਦੁਆਰ ਦੇ ਕੁਝ ਪੰਡਿਆਂ ਨੇ 'ਕਬੂਲ ਦਾਸ' ਲਿਖ ਛੱਡਿਆ।

ਭਾਈ ਸਾਹਿਬ ਜੀ, ਪਿਤਾ ਹੀਰਾ ਨੰਦ ਦੇ ਘਰ 1641 ਈ. ਨੂੰ ਪਿੰਡ ਕਰਿਆਲਾ (ਕੜਿਆਲਾ) ਜ਼ਿਲ੍ਹਾ ਜੇਹਲਮ ਲਹਿੰਦੇ ਪੰਜਾਬ ਅੰਦਰ ਜਨਮਿਆ ਸੀ। ਭਾਈ ਹੀਰਾ ਨੰਦ ਜੀ, ਲੱਖੀ ਦਾਸ ਜੀ ਜੋ ਕਿ ਛੇਵੇਂ, ਸਤਵੇਂ ਤੇ ਅਠਵੇਂ ਪਾਤਸ਼ਾਹ ਦੇ ਦੀਵਾਨ ਸਨ, ਦੇ ਪੁੱਤਰ ਸਨ ਤੇ ਭਾਈ ਪਰਾਗਾ ਜੀ ਦੇ ਪੋਤਰੇ। ਭਾਈ ਪਰਾਗਾ ਜੀ ਰਾਜਾ ਗੌਤਮ ਸੈਨ ਦੇ ਪੁੱਤਰ ਸਨ, ਜੋ ਗੁਰੂ ਨਾਨਕ ਦੇਵ ਜੀ ਦੇ ਸਿੱਖ ਬਣੇ।

ਜਦੋਂ ਸ਼ੀਂਹੇ ਮਸੰਦ ਨੇ ਭਰੇ ਦੀਵਾਨ ਅੰਦਰ ਧੰਨ ਗੁਰੂ ਤੇਗ ਬਹਾਦਰ ਸਾਹਿਬ ਜੀ 'ਤੇ ਗੋਲ਼ੀ ਚਲਾਈ ਤਾਂ ਓਸ ਵਕਤ ਭਾਈ ਮਤੀ ਦਾਸ ਜੀ ਵੀ ਮੌਜੂਦ ਸਨ। ਪਹਿਲਾਂ ਤਾਂ ਸਾਰੇ ਸਿੰਘ ਨਿਰਾਸ਼ ਹੋ ਗਏ, ਫਿਰ ਇਕਦਮ ਆਕਰੋਸ਼ ਵਿੱਚ ਆ ਕੇ ਭਾਈ ਮਤੀ ਦਾਸ ਜੀ ਤੇ ਨਾਲ਼ ਦੇ ਸਿੰਘ ਬੋਲੇ ਗੁਰੂ ਜੀ ਅਸੀਂ ਧੀਰ ਮੱਲੀਆਂ ਤੇ ਮਸੰਦਾਂ ਨੂੰ ਸਬਕ ਸਿਖਾ ਕੇ ਚੈਨ ਲਵਾਂਗੇ ਪਰ ਗੁਰੂ ਸਾਹਿਬ ਜੀ ਨੇ ਆਪ ਜੀ ਨੂੰ ਰੋਕ ਦਿੱਤਾ। ਓਸ ਵਕਤ ਭਾਈ ਸਾਹਿਬ ਜੀ, ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਦੀਵਾਨ ਸਨ। ਨੌਵੇਂ ਪਾਤਸ਼ਾਹ ਨੇ **'ਤੂੰ ਮਮ ਮ੍ਰਿਤ ਸਹਾਇਕ ਭਾਰੀ'** ਕਿ ਇਹ ਸਾਡਾ ਭਾਈ ਹੈ ਤੇ ਇੱਥੋਂ ਹੀ ਆਪ ਜੀ ਨੂੰ 'ਭਾਈ' ਦਾ ਲਕਬ ਨੌਵੇਂ ਪਾਤਸ਼ਾਹ ਪਾਸੋਂ ਮਿਲਿਆ। ਇਕੱਲਾ ਲਕਬ ਹੀ ਨਹੀਂ ਦਿੱਤਾ, ਨੌਵੇਂ ਪਾਤਸ਼ਾਹ ਨੇ ਆਪ ਦੇ ਸਿਰ ਉੱਪਰ ਆਪਣੇ ਹੱਥੀਂ ਦਸਤਾਰ ਵੀ ਸਜਾਈ।

ਜਿਤਿਕ ਮੁਹੰਮਦ ਉਮਤ ਸਾਰੀ॥ ਸਭ ਕੇ ਸਿਰ ਫੁਟਹਿਂ ਇੱਕ ਬਾਰੀ॥ ਮਾਂਗਹਿ ਕਹਿਰ, ਕਹਿਰ ਦਿਖਰਾਊਂ॥ ਨਾਸ ਕਰੌਂ ਇਨ ਸਫਾ ਉਠਾਊਂ॥

'ਇੱਟ ਨਾਲ਼ ਇੱਟ ਖੜਕਾਉਣ' ਵਾਲਾ ਬੋਲਾ ਫਿਰ ਓਸ ਵਕਤ ਵੀ ਇਸ ਸੂਰਮੇ ਨੇ ਦੁਹਰਾਇਆ ਸੀ, ਜਦੋਂ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕਰਨ ਲਈ ਇੱਕ ਪਿੰਜਰੇ ਵਿੱਚ ਪਾ ਕੇ ਲਿਆਂਦਾ ਗਿਆ ਸੀ ਤਾਂ ਭਾਈ ਮਤੀ ਦਾਸ ਬੋਲਿਆ : ''ਪਾਤਸ਼ਾਹ! ਹੁਕਮ ਕਰੋ, ਦਿੱਲੀ ਤੋਂ ਲਾਹੌਰ ਤਕ ਹਕੂਮਤ ਦੀ ਇੱਟ ਨਾਲ਼ ਇੱਟ ਖੜਕਾ ਦਿਆਂਗੇ।'' ਪਾਤਸ਼ਾਹ ਬੋਲੇ : ''ਮਤੀ ਦਾਸ ਬਲ਼ ਕਿੱਥੋਂ ਆਊ?'' ਮਤੀ ਦਾਸ ਬੋਲਿਆ : ''ਪਾਤਸ਼ਾਹ ਆਪ ਜੀ ਦੇ ਚਰਨਾਂ ਪਾਸੋਂ।'' ਸੱਚੇ ਸਤਿਗੁਰ ਕਹਿੰਦੇ : ''ਮਤੀ ਦ ਾ ਸ ਾ ਸ ਮੁ ੰ ਦ ਰ

ਬਾਕੀ ਹਿੱਸਾ ਸਫ਼ਾ ਨੰਬਰ 8 ਤੇ



– ਡਾਕਟਰ ਸੁਰਜੀਤ ਸਿੰਘ ਜਰਮਨੀ
ਸਹਾਇਕ ਸੰਪਾਦਕ 'ਪੰਜਆਬ' ਮੈਗਜ਼ੀਨ
(President IPCC Germany)
Buro Chief Germany (ਪੰਜਾਬ ਹੈੱਡਲਾਈਨਜ਼)

ਸ਼ਹੀਦ ਭਾਈ ਦਿਆਲਾ ਜੀ

"ਜੋ ਭਾਈ ਦਯਾਲ ਦਾਸ ਕਹੇ, ਸੰਗਤ ਗੁਰੂ ਕਾ ਹੁਕਮ ਕਰਿ ਮੰਨੇ।"

'ਵਿਨਾਸ਼ ਕਾਲੇ ਵਿਪ੍ਰੀਤ ਬੁੱਧੀ।' ਜਦੋਂ ਰੱਬ ਬੰਦੇ ਦੀ ਮੱਤ ਮਾਰ ਉਸ ਨੂੰ ਦੈਂਤ ਬਣਾ ਦੇਵੇ ਤਾਂ ਧਰਮ ਦੇ ਕਰਮ ਕਰਨ ਵਾਲੇ ਨੂੰ ਵੀ ਸਮਝ ਨਹੀਂ ਪੈਂਦਾ ਕਿ ਜੋ ਉਹ ਕਰ ਰਿਹਾ, ਉਸ ਤੋਂ ਵੱਡਾ ਕੁਕਰਮ ਕੋਈ ਨਹੀਂ।


ਬਾਦਸ਼ਾਹ ਦਰਵੇਸ਼ ਦਸਵੇਂ ਨਾਨਕ ਜੀ ਔਰੰਗੇ ਨੂੰ ਕਹਿੰਦੇ '**ਖੁਸ਼ਸ਼ ਸ਼ਾਹਿ ਸ਼ਾਹਾਨ ਔਰੰਗਜੇਬ॥ ਕਿ ਤਾਲਾਕ ਦਸਤਸਤ ਚਾਬੁਕ ਰਕੇਸ਼॥**' ਬੇਸ਼ੱਕ ਤੂੰ ਪ੍ਰਬੰਧ ਵਿੱਚ ਬਹੁਤ ਹੁਸ਼ਿਆਰ ਅਤੇ ਘੋੜ ਸਵਾਰੀ ਵਿੱਚ ਬਹੁਤ ਨਿਪੁੰਨ ਹੈਂ। '**ਬ ਤਰਤੀਬਿ ਦਾਨਿਸ਼ ਬ ਤਦਬੀਰਿ ਤੇਗ॥ ਖੁਦਾਵੰਦਿ ਦੇਗ ਓ ਖੁਦਾਵੰਦਿ ਤੇਗ॥**' ਤੂੰ ਆਪਣੀ ਸਿਆਣਪ ਅਤੇ ਤਲਵਾਰ ਦੇ ਜ਼ੋਰ ਨਾਲ਼ ਦੇਗ਼ ਅਤੇ ਤੇਗ਼ ਦਾ ਮਾਲਿਕ ਬਣਿਆ ਬੈਠਾ ਹੈਂ। '**ਸ਼ਹਨਸ਼ਾਹ ਔਰੰਗਜੇਬ ਆਲਮੀ॥ ਕਿਹ ਦਾਰਾਇ ਦੌਰ ਅਸਤ ਦੂਰ ਅਸਤ ਦੀਂ॥**' (ਪਰ) ਹੇ ਸ਼ਹਿਨਸ਼ਾਹ ਔਰੰਗਜੇਬ ਆਲਮਗੀਰ! ਭਾਵੇਂ ਤੂੰ (ਉਪਰੋਕਤ ਗੁਣਾਂ ਦੇ ਨਾਲ਼) ਸਮੇਂ ਦਾ ਹਾਕਮ ਹੈਂ, ਪਰ ਤੂੰ ਸੱਚੇ ਧਰਮ ਤੋਂ ਬਹੁਤ ਦੂਰ ਹੈਂ। ਇੱਕ ਪਾਸੇ ਗ਼ਲਤ ਫ਼ੈਸਲਿਆਂ ਨੂੰ ਧਰਮ ਦੇ ਨਾਂ 'ਤੇ ਜਾਰੀ ਕਰਨਾ, ਨਾਲ਼ ਹੀ ਇਹ ਕਹਿਣਾ ਕਿ ਸੱਚ ਤੋਂ ਬਿਨਾਂ ਕੁਝ ਕਹਿਣਾ ਨੁਕਸਾਨਦੇਹ ਹੈ, ਬਹੁਤ ਵੱਡਾ ਪਖੰਡ ਹੈ। ਜਿਤਨੇ ਵੱਡੇ ਗ਼ੁਨਾਹ ਤੂੰ ਕਰ ਦਿੱਤੇ, ਉਹਨਾਂ ਦੀ ਮੁਆਫ਼ੀ ਤੈਨੂੰ ਕਿਸੇ ਵੀ ਦਰਗਾਹ ਵਿੱਚ ਨਹੀਂ ਮਿਲਣੀ।

ਭਾਈ ਮਤੀ ਦਾਸ ਜੀ ਦੇ ਸਰੀਰ ਦੇ ਦੋ ਹਿੱਸੇ ਕਰ ਕੇ ਸ਼ਹੀਦ ਕਰ ਦਿੱਤਾ ਗਿਆ। ਭਾਈ ਸਤੀ ਦਾਸ ਜੀ ਵੀ ਹੱਸ ਕੇ ਸ਼ਹਾਦਤ ਦੇ ਗਏ। ਇਹ ਸ਼ਹਾਦਤਾਂ ਇਤਨੀਆਂ ਪ੍ਰੇਮ ਵਿੱਚ ਭਿੱਜ ਕੇ ਗੁਰੂ ਕੇ ਸਿੱਖਾਂ ਨੇ ਦਿੱਤੀਆਂ ਕਿ ਚਾਰੇ ਪਾਸੇ ਜਪੁਜੀ ਸਾਹਿਬ ਹਵਾ ਵਿੱਚ ਗੂੰਜ ਰਿਹਾ ਸੀ। ਬੇਸ਼ੱਕ ਓਸ ਵਕਤ ਔਰੰਗੇ ਦਾ ਜਬਰ ਨੁਮਾ ਕਾਲ ਵੀ ਆਪਣਾ ਕੰਮ ਕਰ ਰਿਹਾ ਸੀ। ਪਰ ਸ਼ਹਾਦਤ ਦੇਣ ਵਾਲ਼ੇ ਯੋਧਿਆਂ ਦੀ ਲਾਸਾਨੀ ਸ਼ਹੀਦੀ ਸਦਕਾ ਜਪੁਜੀ ਦੀ ਗੂੰਜ ਵਿੱਚ ਕਾਲ ਦਾ ਵਜੂਦ ਸ਼ੂਨਯ ਸੀ। ਸੰਗਤ ਸਾਰੀ ਚੁੱਪ-ਚਾਪ ਖੜ੍ਹੀ ਸੀ। ਭਾਈ ਦਿਆਲਾ ਜੀ ਨੇ ਸੁਰਤ ਜਪੁਜੀ ਸਾਹਿਬ ਤੋਂ ਬਾਹਰ ਕੱਢੀ। ਇਹ ਓਹੀ ਦਿਆਲਾ ਸੀ, ਜਿਹੜਾ ਅਠਵੇਂ ਪਾਤਸ਼ਾਹ ਨਾਲ਼ ਦਿੱਲੀ ਆਇਆ ਸੀ ਤੇ ਓਸ ਵਕਤ ਔਰੰਗਾ ਦਿਆਲ ਦਾਸ ਦੇ ਦਰਸ਼ਨਾਂ ਤੋਂ ਵਾਂਝਾ ਰਹਿ ਗਿਆ। ਬੀਰ ਰਸ ਹੋ ਔਰੰਗੇ ਨੂੰ ਲਲਕਾਰਦੇ ਹੋਏ ਬੋਲੇ :"ਇਹ ਤੂੰ ਬੇਗ਼ੁਨਾਹ ਸਿੱਖ ਨਹੀਂ ਚੀਰਿਆ, ਬਾਬਰ ਦੀ ਬੰਸ ਤੇ ਬਾਦਸ਼ਾਹੀ ਚਿਰਵਾ ਸਿੱਟੀ। ਨਦਰੀ ਨਦਰ ਨਿਹਾਲ ਸਤਿਗੁਰੂ ਨਾਨਕ ਦੇਵ ਜੀ ਨੇ ਬਾਬਰ ਨੂੰ ਭਾਰਤ ਭੂਮੀ ਦੀ ਬਾਦਸ਼ਾਹੀ ਬਖ਼ਸ਼ ਦਿੱਤੀ ਸੀ। ਜੋ ਤੁਹਾਡੇ ਪਾਸੋਂ ਜਰੀ ਨਹੀਂ ਗਈ।"

ਇਤਨਾ ਸੁਣਦੇ ਸਾਰ ਔਰੰਗੇ ਨੂੰ ਸੱਤੀਂ ਕੱਪੜੀ ਅੱਗ ਲੱਗ ਗਈ। ਕਹਿੰਦਾ : "ਇਸ ਨੂੰ ਵੀ ਈਨ ਮਨਵਾਓ। ਪੜ੍ਹ ਕਲਮਾ, ਵਰਨਾ ਤੇਰਾ ਵੀ ਇਹਨਾਂ ਦੋਹਾਂ ਵਰਗਾ ਹਸ਼ਰ ਕਰਾਂਗਾ।" ਭਾਈ ਜੀ ਨੇ ਬੜੀ ਧੀਰਜ ਨਾਲ਼ 'ਵਾਹਿਗੁਰੂ-ਵਾਹਿਗੁਰੂ' ਉਚਾਰ ਕੇ ਆਖਿਆ :

"ਅਹੋ ਭਾਗ! ਔਰੰਗਜੇਬ ਕਲਮਾ ਹੀ ਤਾਂ ਇਹ ਸ਼ਹੀਦ ਵੀ ਪੜ੍ਹ ਰਹੇ ਸੀ, ਜੋ ਇਸ ਕਾਇਨਾਤ ਵਿੱਚ ਅਜੇ ਵੀ ਗੂੰਜ ਰਿਹਾ। ਪਰ ਤੂੰ ਜੋ ਜਬਰ ਵਾਲਾ ਕਲਮਾ ਆਖਦੈਂ, ਉਹ ਇਸ ਸਿੱਖ ਕੋਲੋਂ ਤੂੰ ਨਹੀਂ ਪੜ੍ਹਵਾ ਸਕਦਾ। ਕਾਇਨਾਤ ਦੇ ਮਾਲਕ ਦੀ ਸਿਫਤ ਸਾਲਾਹ ਵਾਲਾ ਕਲਮਾ ਤੇ ਆਰੇ ਨਾਲ਼ ਸਰੀਰ ਦੋਫਾੜ ਹੋਣ ਤੋਂ ਬਾਅਦ ਵੀ ਨਹੀਂ ਰੁਕਿਆ, ਓਧਰ ਰੂੰ ਵਿੱਚ ਲਪੇਟੇ ਗੁਰੂ ਕੇ ਸਿੱਖ ਨੇ ਐਸਾ ਕਲਮਾ ਪੜ੍ਹਿਆ ਕਿ ਅੱਗ ਵੀ ਭਾਗਾਂ ਵਾਲ਼ੀ ਹੋ ਗਈ। ਗੌਰ ਨਾਲ਼ ਦੇਖ ਆਸਮਾਨ ਵੱਲ ਅਜੇ ਵੀ ਓਹੀ ਕਲਮਾ ਗੂੰਜ ਰਿਹਾ, ਜੋ ਅੱਗ ਦੀਆਂ ਲਾਟਾਂ 'ਚ ਅਸਮਾਨ ਵੱਲ ਗਿਆ ਸੀ। ਹੋਰ ਬਾਤ ਸੁਣ, ਔਰੰਗੇ! ਕਲਮਾ (ਜਪੁਜੀ) ਤਾਂ ਦਿਆਲਾ ਗੁਰੂ ਕਾ ਦਾਸ, ਸਵਾਸ-ਸਵਾਸ ਪੜ੍ਹਦਾ। ਆਪਣਾ ਹੰਕਾਰ ਪੁਗਾਉਣ ਲਈ ਕੁਝ ਹੋਰ ਬਹਾਨਾ ਬਣਾ। ਬਾਕੀ ਜੇ ਤੂੰ ਕਹਿਨਾ ਕਿ ਸਿਰਫ਼ ਤੇਰੇ ਵਾਲ਼ੇ ਕਲਮੇ ਨਾਲ਼ ਹੀ ਮੈਂ ਰੱਬ ਦੀ ਮਹਿਮਾ ਗਾ ਸਕਦਾ, ਤਾਂ ਤੂੰ ਗ਼ਲਤ ਹੈਂ। ਤੇਰਾ ਮੰਨਣਾ ਕਿ ਤੇਰੇ ਕਲਮੇ ਵਿੱਚ 'ਹੀ' ਰੱਬ ਹੈ ਪਰ ਦਿਆਲ, ਦਾਸ ਦੇ ਗੁਰੂ ਨੇ ਦੱਸਿਆ ਕਿ ਤੇਰੇ ਕਲਮੇ ਵਿੱਚ 'ਵੀ' ਰੱਬ ਹੈ। ਫ਼ਰਕ 'ਹੀ' ਤੇ 'ਵੀ' ਦਾ। ਰੱਬ ਜ਼ਰ੍ਹੇ-ਜ਼ਰ੍ਹੇ ਵਿੱਚ ਹੈ ਤੇ ਓਸ ਦੀ ਸਿਫ਼ਤ-ਸਲਾਹ ਲਈ ਮੈਨੂੰ ਸਿਰਫ਼ ਤੇਰੇ ਕਾਜ਼ੀਆਂ ਦੁਆਰਾ ਫ਼ਤਵੇ ਵਿੱਚ ਦੱਸਿਆ ਕਲਮਾ ਪੜ੍ਹਨ ਦੀ ਲੋੜ ਨਹੀਂ। ਬਾਕੀ ਜੇ ਤੂੰ ਓਹੀ ਕਲਮਾ ਪੜ੍ਹਵਾ ਕੇ ਜਾਨ ਬਖ਼ਸ਼ੀ ਕਰਨੀ ਤਾਂ ਮੈਨੂੰ ਮਨਜ਼ੂਰ ਨਹੀਂ, ਫਿਰ ਇਹ ਵੀ ਦੱਸ ਦੇ ਕਿ ਕਾਲ ਤੋਂ ਕਿਤਨੀ ਦੇਰ ਬਚਾ ਕੇ ਰੱਖੋਗੇ....?"

ਕਿਸੇ ਨੂੰ ਕੋਈ ਉੱਤਰ ਨਾ ਆਇਆ ਦੇਖ ਭਾਈ ਦਿਆਲਾ ਜੀ ਪੂਰੇ ਰੋਹ ਨਾਲ਼ ਬੋਲੇ: "...ਤੇ ਜੇ ਮੈਂ ਧਰਮ ਉੱਤੇ ਕੁਰਬਾਨ ਹੋ ਕੇ ਆਪਣੇ ਗੁਰ-ਭਾਈ ਦਾ ਸਾਥੀ ਹੋਵਾਂ ਤਾਂ ਰੱਬ ਦੀ ਦਰਗਾਹ ਵਿੱਚ ਤੇਰੇ ਪੈਗ਼ੰਬਰ ਨੂੰ ਲਾਨ੍ਹਤਾਂ ਦਵਾਵਾਂ ਕਿ ਜਿਸ ਨੇ ਅਜਿਹੇ ਜ਼ੁਲਮ ਕਰਨ ਦੀ ਸਿਖਿਆ ਆਪਣੇ ਚੇਲਿਆਂ ਨੂੰ ਦਿੱਤੀ ਹੈ, ਜੋ ਸਤੀਆਂ ਦਾ ਸਤ ਹੀਨ, ਧਰਮੀਆਂ ਦਾ ਧਰਮ ਛੀਨ ਕਰ, ਜ਼ੋਰ ਜ਼ੁਲਮ ਨਾਲ਼ ਆਪਣਾ ਦੀਨ ਮਨਾਵਣ ਲਈ ਲੋਕਾਂ ਨੂੰ ਤਰਸਾ-ਤਰਸਾ ਕੇ ਮਾਰਦੇ ਹਨ।"



ਇਹ ਸੱਚੀਆਂ ਗੱਲਾਂ ਔਰੰਗੇ ਤੇ ਕਾਜ਼ੀਆਂ ਨੂੰ ਜ਼ਖ਼ਮਾਂ ਉੱਤੇ ਲੂਣ ਮਿਰਚਾਂ ਵਾਂਙੂ ਲੱਗੀਆਂ, ਜਿਸ ਤੋਂ ਜ਼ਲ਼-ਬਲ਼ ਕੇ ਕਾਜ਼ੀ ਤੋਂ ਫ਼ਤਵਾ ਲੈ ਕੇ ਤਿਆਰੀ ਕਰਵਾਈ ਤੇ ਔਰੰਗੇ ਨੇ ਭਾਈ ਦਿਆਲਾ ਜੀ ਦੇ ਹੱਥ ਪੈਰ ਬੰਨਾ ਕੇ ਉਬਲ਼ਦੇ ਪਾਣੀ ਦੇ ਕੜਾਹੇ ਵਿੱਚ ਖੜ੍ਹਾ ਕਰ ਦਿੱਤਾ। ਪਾਣੀ ਭਾਈ ਸਾਹਿਬ ਦੇ ਮੋਢਿਆ ਤੀਕ ਸੀ। ਹੇਠਾਂ ਹੋਰ ਅੱਗ ਬਾਲ਼ ਦਿੱਤੀ। ਦੇਗ਼ 'ਚ ਪੈਂਦਿਆਂ ਹੀ ਜਪੁਜੀ ਦੀ ਅਜਿਹੀ ਗੂੰਜ ਪਈ ਕਿ ਦੇਗ਼ਾ ਗਰਮ ਹੀ ਨਾ ਹੋਵੇ।

ਇਤਿਹਾਸ ਦੱਸਦਾ ਕਿ ਨੌਵੇਂ ਪਾਤਸ਼ਾਹ ਹਮੇਸ਼ ਗੂੜੇ ਚਿੰਤਨ ਅਤੇ ਗੰਭੀਰ ਅਵਸਥਾ ਵਿੱਚ ਹੀ ਰਹਿੰਦੇ ਸਨ। ਓਸ ਦਿਨ ਦਿਆਲਾ ਜੀ ਦੇਗ਼ ਵਿੱਚ ਖੜੇ ਤੇ ਜੱਲਾਦ ਤਲਵਾਰ ਘੁੰਮਾਉਂਦਾ ਪਾਤਸ਼ਾਹ ਦੇ ਦੁਆਲੇ ਘੁੰਮੀ ਜਾਵੇ ਜਿਵੇਂ ਪਾਤਸ਼ਾਹ ਨੂੰ ਡਰਾ ਰਿਹਾ ਹੋਵੇ ਤਾਂ ਪਾਤਸ਼ਾਹ

ਇਉਂ ਹੱਸੇ ਜਿਵੇਂ ਨਿੱਕਾ ਬੱਚਾ ਬੇਖ਼ੌਫ਼ ਹੋ ਖੇਡ ਰਿਹਾ ਹੋਵੇ ਤੇ ਜੱਲਾਦ ਤਲਵਾਰ ਲੈ ਟੱਪ ਕੇ ਉਸ ਦਾ ਮਨੋਰੰਜਨ ਕਰ ਰਿਹਾ ਹੋਵੇ। ਪਾਤਸ਼ਾਹ ਦਾ ਹਾਸ਼ਾ ਇਤਨਾ ਉੱਚਾ ਸੀ, ਦਿਆਲਾ ਜੀ ਵੀ ਪਾਤਸ਼ਾਹ ਜੀ ਵੱਲ ਦੇਖ ਮੁਸਕਰਾਏ ਤੇ ਇਉਂ ਜਾਪਿਆ ਜਿਵੇਂ ਆਖ ਰਹੇ ਹੋਣ "ਪਾਤਸ਼ਾਹ! ਜੋ ਅੱਜ ਤਕ ਕਿਸੇ ਨਾ ਤੱਕਿਆ, ਇਹ ਦਿਆਲੇ ਦੇ ਹਿੱਸੇ ਆਇਆ। ਗੰਭੀਰ ਅਵਸਥਾ, ਹਮੇਸ਼ ਅਕਾਲ ਜੀ ਕਾ ਚਿੰਤਨ ਤੇ ਆਪਣੇ ਲੋਕਾਂ ਦੀ ਸੇਵਾ ਕਰਦਿਆਂ ਤਾਂ ਬਹੁਤ ਜਾਣਿਆ ਤੱਕਿਆ ਤੁਹਾਨੂੰ। ਪਰ ਇਤਨਾ ਖੇੜਾ ਤੇ ਰੂਹਾਨੀ ਹਾਸਾ ਦਿਆਲ ਦਾਸ ਦੇ ਹਿੱਸੇ ਆਇਆ। ਤੇਰੇ ਇਸੇ ਹਾਸੇ ਉੱਪਰੋਂ ਅੱਜ ਦਿਆਲਾ 'ਇਸ਼ਕੇ ਹਕੀਕੀ' ਵਿੱਚ ਆਪਾ ਕੁਰਬਾਨ ਕਰਨ ਨੂੰ ਲੋਚਦਾ। ਪਾਤਸ਼ਾਹ ਸ਼ਹਾਦਤ ਦੀ ਦਾਤ ਬਖ਼ਸ਼ੋ।"

ਓਧਰ ਔਰੰਗਾ ਆਪਣੇ ਅੰਦਰ ਬਲ਼ਦੀ ਅੱਗ 'ਚ ਅੰਦਰੋਂ-ਅੰਦਰੀ ਰਾਖ ਹੋ ਰਿਹਾ ਸੀ। ਪਿਆਰ ਵਿੱਚ ਭਿੱਜੇ ਦਿਆਲਾ ਜੀ ਨੇ ਔਰੰਗੇ ਦੀ ਹਾਲਤ 'ਤੇ ਤਰਸ ਕਰਦਿਆਂ ਦੇਗ਼ੇ ਨੂੰ ਹੁਕਮ ਕੀਤਾ ਕਿ ਉਹ ਦਿਆਲੇ ਨੂੰ ਆਪਣੇ ਵਿੱਚ ਸਮਾਂ ਲਵੇ। ਹੁਣ ਜਪੁਜੀ ਸਾਹਿਬ ਪਾਣੀ ਦੇ ਹਰੇਕ ਬੁਲਬੁਲੇ ਨਾਲ਼ ਅਕਾਸ਼ ਵੱਲ ਨੂੰ ਜਾ ਗੂੰਜਣ ਲੱਗਿਆ। ਚਿਹਰੇ 'ਤੇ ਨੂਰ ਮੁਸਕਰਾਹਟ ਨਾਲ਼ ਦਿਆਲਾ ਜੀ ਅਜਿਹੀ ਸ਼ਹੀਦੀ ਦਿੱਤੀ ਕਿ ਔਰੰਗਜੇਬ ਦੇ ਰਾਜ ਦੀਆਂ ਨੀਹਾਂ 'ਚ ਓਸੇ ਦੇਗ਼ੇ ਦਾ ਪਾਣੀ ਜੋ ਭਾਫ਼ ਬਣ ਉੱਡ ਰਿਹਾ ਸੀ, ਆ ਪਿਆ। ਓਸੇ ਉਬਲ਼ਦੇ ਪਾਣੀ ਨੇ ਔਰੰਗਜੇਬ ਦੇ ਰਾਜ ਦੀ ਨੀਂਹ ਬੈਠਾ ਦਿੱਤੀ ਤੇ ਦੇਖਦੇ ਹੀ ਦੇਖਦੇ ਕੁਝ ਸਾਲਾਂ ਵਿੱਚ ਔਰੰਗੇ ਦੇ ਰਾਜ ਦਾ ਪੂਰਾ ਮਹਿਲ ਢਹਿ-ਢੇਰੀ ਹੋ ਗਿਆ।

ਔਰੰਗੇ ਦੀ ਕਿਸਮਤ ਮਾੜੀ ਸੀ। ਜਿਹਨਾਂ ਨੂੰ ਉਹ ਆਮ ਸਿੱਖ ਸਮਝ ਸ਼ਹੀਦ ਕਰ ਰਿਹਾ ਸੀ, ਉਹ ਭਾਈ ਦਿਆਲਾ ਜੀ, ਪੂਰਬ ਦੀ ਸੰਗਤ ਦੇ ਮੁਖੀ ਸਨ। ਜਦੋਂ ਬਾਲ ਗੋਬਿੰਦ ਰਾਇ ਜੀ ਦਾ ਜਨਮ ਹੋਇਆ ਤਾਂ ਪਹਿਲਾ ਪੱਤਰ ਗੋਬਿੰਦ ਜੀ ਦੇ ਅਵਤਾਰ ਹੋਣ ਦਾ ਇਹਨਾਂ ਨੇ ਹੀ ਨੌਵੇਂ ਪਾਤਸ਼ਾਹ ਜੀ ਨੂੰ ਲਿਖ ਕੇ ਭੇਜਿਆ ਸੀ। ਆਪਣੇ ਪਰਿਵਾਰ ਵਿੱਚੋਂ ਇਹ ਦਿਆਲ ਦਾਸ ਇਕੱਲਾ ਸ਼ਹੀਦ ਨਹੀਂ ਸੀ, ਬਾਬਾ ਮਾਈ ਦਾਸ ਜਿਹਨਾਂ ਦੀਆਂ 2 ਸੁਪਤਨੀਆ ਬੀਬੀ ਮਾਧੁਰੀ ਜੀ ਦੀ ਕੁੱਖੋਂ ਭਾਈ ਜੇਠਾ, ਭਾਈ ਦਿਆਲਾ, ਭਾਈ ਮਨੀ ਰਾਮ (ਮਨੀ ਸਿੰਘ), ਭਾਈ ਦਾਨਾ, ਭਾਈ ਮਾਨਾ, ਭਾਈ ਆਲਮ ਚੰਦ ਤੇ ਭਾਈ ਰੂਪਾ ਜੀ ਅਤੇ ਬੀਬੀ ਲਾਡੂਕੀ ਜੀ ਦੀ ਕੁੱਖੋਂ ਭਾਈ ਜਗਤੂ, ਭਾਈ ਸੋਹਣਾ, ਭਾਈ ਲਹਿਣਾ, ਭਾਈ ਰਾਏ ਚੰਦ, ਭਾਈ ਹਰੀ ਚੰਦ; ਕੁੱਲ 12 ਪੁੱਤਰਾਂ ਨੇ ਜਨਮ ਲਿਆ। ਭਾਈ ਲਹਿਣਾ ਜੀ ਨੂੰ ਛੱਡ ਕੇ ਬਾਕੀ 11 ਪੁੱਤਰ ਇਸ ਪਰਿਵਾਰ ਦੇ ਸ਼ਹੀਦ ਹੋਏ ਹਨ।

ਨੌਵੇਂ ਪਾਤਸ਼ਾਹ ਜੀ ਦਾ ਇਤਨਾ ਸਨੇਹ ਸੀ ਦਿਆਲਾ ਜੀ ਨਾਲ਼, ਪਾਤਸ਼ਾਹ ਜੀ ਇੱਕ ਹੁਕਮਨਾਮੇ ਵਿੱਚ ਲਿਖਦੇ :

"ਜੋ ਭਾਈ ਦਯਾਲ ਦਾਸ ਕਹੇ, ਸੰਗਤ, ਗੁਰੂ ਕਾ ਹੁਕਮ ਕਰਿ ਮੰਨੇ।"

ਇਸੇ ਕਰਕੇ ਤਾਂ ਦਿਆਲ ਦਾਸ ਜੀ ਕੀ ਅਰਦਾਸ 11 ਨਵੰਬਰ 1675 ਨੂੰ ਸੀ ਕਿ "ਪਾਤਸ਼ਾਹ! ਜੀ ਆਪ ਜੀ ਨੇ ਪੰਜਵੇਂ ਜਾਮੇ ਵਿੱਚ ਤੱਤੀ ਤਵੀ ਬੈਠ ਕੇ ਬਾਅਦ 'ਚ ਦੇਗ 'ਚ ਉਬਲ਼ ਕੇ ਸ਼ਹਾਦਤ ਦਿੱਤੀ, ਆਪ ਹੀ ਇਸ ਦਿਆਲ ਦਾਸ ਵਿੱਚ ਵਾਸਾ ਕਰੋ, ਕਿਤੇ ਇਹ ਸਿੱਖ ਡੋਲ ਹੀ ਨਾ ਜਾਵੇ।" ਸਾਹਮਣੇ ਬੈਠੇ ਨੌਵੇਂ ਨਾਨਕ ਨੇ ਦਿਆਲਾ ਜੀ ਕੀ ਅਰਦਾਸ ਕਬੂਲ਼ ਕੀਤੀ ਤੇ ਦਿਆਲ ਦਾਸ ਸ਼ਹੀਦ ਭਾਈ ਦਿਆਲਾ ਜੀ ਹੋ ਗਏ।

11 ਨਵੰਬਰ 1675 ਨੂੰ ਬਾਕੀ ਦੀ ਦੁਨੀਆਂ ਸ਼ਹਾਦਤ ਦਾ ਦਿਨ ਕਰ ਕੇ ਮੰਨਦੀ ਹੈ ਕਿ ਇਸ ਦਿਨ ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ ਜੀ ਦੇ ਸ਼ਹੀਦੀ ਦਿਵਸ ਵੱਜੋਂ ਮਨਾਉਂਦੇ ਹਨ। ਓਥੇ ਹੀ ਦਿਆਲਾ ਜੀ ਇਸ ਦਿਨ ਨੂੰ ਨੌਵੇਂ ਨਾਨਕ ਜੀ ਦੇ ਉਸ ਹਾਸੇ ਦਾ ਦਿਨ ਜਿਸ ਵਿੱਚ ਪੂਰੇ ਜਗਤ ਦਾ ਖੇੜਾ ਵਸਿਆ ਸੀ, ਓਸ ਵਜੋਂ ਯਾਦ ਕਰ ਕੇ ਸੱਚਖੰਡ ਵਿੱਚ ਅਨੰਦਿਤ ਹੁੰਦੇ ਹੋਣਗੇ।

ਦੇਗ਼ਾਂ ਵਿੱਚ ਉਬਾਲੇ ਗਏ, ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ ਖ਼ਾਲਸਾ ਜੀ, ਬੋਲੋ ਜੀ ਵਾਹਿਗੁਰੂ!

* * * *

ਰੰਗਦਾਰ ਪੰਨੇ ਦਾ ਬਾਕੀ ਹਿੱਸਾ

1141ਵਾਂ ਸਵਾਲ ਮਨ ਕਿੱਦਾਂ ਮੰਨਦਾ ਹੈ? ਦਾ ਜਵਾਬ ਦੇਂਦੇ ਕਰੀਬਨ 10 ਪੰਨੇ ਭਰ ਗਏ, ਜਿਸ ਵਿੱਚ ਮਨ ਨੂੰ ਬੜੇ ਪ੍ਰੇਮ-ਪਿਆਰ ਨਾਲ਼ ਸਮਝਾਇਆ ਕਿ ਗੁਰਬਾਣੀ ਦਾ ਫੁਰਮਾਨ **'ਕਹਨ ਕਹਾਵਨ ਨਹ ਪਤੀਅਈ ਹੈ॥ ਤਉ ਮਨੁ ਮਾਨੈ ਜਾ ਤੇ ਹਉਮੈ ਜਈ ਹੈ॥'** ਪਹਿਲਾਂ ਮਨ ਵਿੱਚੋਂ ਇਸ ਹਉਮੈਂ ਨੂੰ ਕਿਵੇਂ ਦੂਰ ਕਰਨਾ ਇਸ ਦਾ ਨੁਕਤਾ ਦੱਸਿਆ ਫਿਰ ਮਨ ਨੂੰ ਮਨਾ ਕੇ ਪ੍ਰਭੂ ਚਰਨਾਂ ਵਿੱਚ ਕਿਵੇਂ ਜੋੜਨਾ।

ਪੰਜਵਾਂ ਭਾਗ ਸ਼ੁਰੂ ਹੁੰਦੇ ਹੀ, ਪ੍ਰਭ ਚਰਨਾਂ ਨਾਲ਼ ਜੁੜੇ ਹੋਏ ਮਨ ਬਾਰੇ ਦੱਸਿਆ ਕਿ ਉਸ ਨੂੰ ਕੀ ਪ੍ਰਾਪਤ ਹੁੰਦਾ। ਜਿਸ ਮਾਇਆ ਬਾਬਤ ਗੁਰੂ ਗੋਬਿੰਦ ਸਿੰਘ ਜੀ ਸਰਬ ਲੋਹ ਗ੍ਰੰਥ ਵਿੱਚ ਆਖਦੇ ਹਨ **'ਇਨ ਬਿਨ ਸਰੇ ਨ ਏਕ ਛਿਨ॥ ਪੂਰਨ ਹੋਤ ਨਾ ਕਾਮ॥'** ਇਸ ਤੋਂ ਬਗੈਰ ਇਸ ਜਗਤ ਵਿੱਚ ਇੱਕ ਪਲ ਵੀ ਨਹੀਂ ਸਰਦਾ ਉਹੀ ਮਾਇਆ **'ਜਬ ਹਮ ਹਰਿ ਸੇਤੀ ਮਨੁ ਮਾਨਿਆ ਕਰਿ ਦੀਨੋ ਜਗਤੁ ਸਭੁ ਗੋਲ ਅਮੋਲੀ॥'** ਜਦੋਂ ਮਨ ਪ੍ਰਭੂ ਚਰਨਾਂ ਵਿੱਚ ਲੀਨ ਹੋ ਗਿਆ ਫਿਰ ਪੂਰਾ ਜਗਤ (ਮਾਇਆ ਦਾ ਖੇਲ) ਇਸ ਦਾ ਗ਼ੁਲਾਮ ਹੋ ਜਾਵੇਗਾ।

ਅਖੀਰ ਤੀਕ ਜਾਂਦੇ-ਜਾਂਦੇ ਪੰਜ ਭਾਗਾਂ ਦੀ ਸਮਾਪਤੀ 1639 ਵਾ ਜਵਾਬ ਵੀ ਇਸੇ ਮਾਇਆ, ਜੋ ਹੁਣ ਇਸ ਮਨ ਦੀ ਗ਼ੁਲਾਮ ਹੋ ਗਈ ਹੈ, ਉਸ ਦਾ ਦਾ ਚਾਅ ਨਾਲ਼ ਖੇਲ ਕਿਸ ਨੇ ਕੀਤਾ? ਕਿਉਂ ਜੁ ਕਈ ਲੋਕ ਇਸ ਸਵਾਲ ਵਿੱਚ ਉਲ਼ਝ ਜਾਂਦੇ ਤੇ ਵਿਚਲੇ ਦੇਵ ਬ੍ਰਹਮਾ ਨੂੰ ਸ੍ਰਿਸ਼ਟੀ ਦਾ ਕਰਤਾ ਕਹਿਣ ਦੀ ਭੁੱਲ ਕਰ ਜਾਂਦੇ। ਪਰ ਗੁਰਬਾਣੀ ਦਾ ਫੁਰਮਾਣ ਹੈ **'ਪ੍ਰਥਮੇ ਬ੍ਰਹਮਾ ਕਾਲੈ ਘਰਿ ਆਇਆ॥'** ਸਭ ਤੋਂ ਪਹਿਲਾਂ ਬ੍ਰਹਮਾ ਨੂੰ ਹੀ ਕਾਲ ਲੈ ਕੇ ਗਿਆ। ਹੁਣ ਕਾਲ ਜਿਸ ਕੋਲ ਲੈ ਕੇ ਗਿਆ, ਓਹੀ ਇਸ ਕ੍ਰਿਤ ਦਾ ਕਰਤਾ ਹੈ। ਡਾ. ਸਾਹਿਬ ਨੇ ਇਸ ਕ੍ਰਿਤ ਦਾ ਕਰਤਾ ਅਸਲ ਵਿੱਚ ਹੈ ਕੌਣ, ਉਸ ਦੇ ਬਾਰੇ ਚਾਨਣਾ ਪਾ ਕੇ ਆਪਣੇ ਪੰਜਾਂ ਭਾਗਾਂ ਦੀ ਸਮਾਪਤੀ ਕੀਤੀ।

ਹੁਣ ਤਕ ਦੀ ਜਿਤਨੀ ਵੀ ਗੁਰੂ ਬਾਣੀ ਦੀ ਵਿੱਦਿਆ ਡਾ. ਤਰਲੋਕ ਸਿੰਘ ਜੀ ਨੇ ਵੀਚਾਰੀ ਸੀ, ਉਹ ਸਾਡੇ ਸਭਨਾਂ ਨਾਲ਼ ਸਾਂਝੀ ਕਰ ਕੇ ਡਾ. ਸਾਹਿਬ ਪਰਉਪਕਾਰੀ ਹੋ ਗਏ। **'ਵਿਦਿਆ ਵੀਚਾਰੀ ਤਾਂ ਪਰਉਪਕਾਰੀ॥'** ਵਿੱਦਿਆ ਨੂੰ ਵਿਚਾਰ ਕੇ ਆਪਣੇ ਕੋਲ ਰੱਖਣ ਵਾਲਾ ਪਾਪੀ ਹੁੰਦਾ।

ਡਾ. ਸਾਹਿਬ ਜੀ ਦਾ ਇਹ ਉਪਰਾਲਾ ਇੱਕ ਖੋਜ ਭਰਪੂਰ ਦਸਤਾਵੇਜ ਹੀ ਨਹੀਂ ਬਲਕਿ ਖੋਜਆਰਥੀਆਂ ਲਈ ਇੱਕ ਬਹੁਤ ਵੱਡੀ ਦੇਣ ਹੈ। ਜਿੱਥੇ ਆਮ ਪਾਠਕ ਲਈ ਇਹ ਦਸਤਾਵੇਜ ਇੱਕ ਮੀਲ ਪੱਥਰ ਹੈ, ਓਥੇ ਰਿਸਰਚ ਸਕਾਲਰਾਂ ਲਈ ਜਿਹਨਾਂ ਨੂੰ ਆਪਣੇ ਸਵਾਲ ਖੋਜਣ ਲਈ ਕਈ ਪੁਸਤਕਾਂ ਫਰੋਲਣੀਆਂ ਪੈਂਦੀਆਂ ਉਹਨਾਂ ਲਈ ਇਹ ਇੱਕੋ ਪੁਸਤਕ ਹੀ ਸੰਜੀਵਨੀ ਬੂਟੀ ਹੈ। ਇਹ ਕੋਈ ਗੱਲੀਂ-ਬਾਤੀਂ ਵਾਲਾ ਗਿਆਨ ਨਹੀਂ ਬਲਕਿ 'ਕਰੜਾ ਸਾਰ' ਹੈ। ਇੱਕ ਮਣ ਲੋਹੇ ਨੂੰ ਪਿਘਲਾ ਕੇ ਜਦੋਂ ਸਵਾ ਸੇਰ ਰਹਿ ਜਾਵੇ ਤਾਂ ਫਿਰ ਜਿਹੜਾ ਸਾਰ ਤਿਆਰ ਕੀਤਾ ਜਾਂਦਾ ਉਸ ਨੂੰ 'ਕਰੜਾ ਸਾਰ' ਆਖਿਆ ਜਾਂਦਾ। **'ਗਿਆਨੁ ਨ ਗਲੀਈ ਢੂਢੀਐ ਕਥਨਾ ਕਰੜਾ ਸਾਰੁ॥'**

ਜਿਹੜੇ ਸਵਾਲਾਂ ਦੇ ਗ਼ਲਤ ਜਵਾਬ ਦੇ ਕੇ ਮਨੁੱਖ ਨੂੰ ਡਰਾਇਆ ਜਾਂਦਾ ਤੇ ਫਿਰ ਉਹ ਮਾਨਸਿਕ ਗ਼ੁਲਾਮ ਹੋ ਜਾਂਦਾ ਤੇ ਪਖੰਡੀ ਸਾਧਾਂ, ਪਾਂਡਿਆਂ, ਨਕਲੀ ਪਾਸਟਰਾਂ ਦੇ ਅਧੀਨ ਆ ਜਾਂਦਾ। ਇਸ ਦਸਤਾਵੇਜ ਨੂੰ ਜੇ ਉਹ ਮਾਨਸਿਕ ਗ਼ੁਲਾਮ ਪੜ੍ਹ ਲਵੇ ਤਾਂ ਅਜ਼ਾਦ ਹੋ ਜਾਵੇਗਾ।

ਸੰਤ ਗਿਆਨੀ ਜਰਨੈਲ ਸਿੰਘ ਭਿੰਡਰਾਂਵਾਲ਼ਿਆਂ ਦਾ ਕਥਨ **'ਮੈਂ ਸਰੀਰ ਦੇ ਮਰਨੇ ਨੂੰ ਮੌਤ ਨਹੀਂ ਗਿਣਦਾ ਜਮੀਰ ਦਾ ਮਰਨਾ ਹੀ ਅਸਲ ਮੌਤ ਹੈ।'** ਪੰਜ ਭੂਤਕ ਸਰੀਰ ਤਾਂ ਇੱਥੇ ਰਹਿ ਜਾਣਾ, ਅੱਗੇ ਮਨ ਨੇ ਜਾਣਾ। ਜੇ ਉਹ ਆਪਣੇ ਮੂਲ ਸਵਾਲਾਂ ਦੇ ਜਵਾਬ ਪਾਏ ਬਗੈਰ ਚਲਾ ਗਿਆ ਤਾਂ ਕਈ ਜੂਨਾਂ ਵਿੱਚ ਦੀ ਹੋ ਕੇ ਫਿਰ ਤੋਂ ਮਨੁੱਖਾ ਜਨਮ ਵਿੱਚ ਉਹਨਾਂ ਸਵਾਲਾਂ ਨੂੰ ਖੋਜਣ ਆਉਣਾ ਪੈਣਾ, ਜਿਸ ਨਾਲ਼ ਮਨ ਕਰਮ-ਕਾਂਡਾਂ ਦੀ ਗ਼ੁਲਾਮੀ ਵਿੱਚੋਂ ਨਿਕਲ ਕੇ ਮੁਕਤ ਹੋਵੇਗਾ। ਤੇ ਹੋ ਸਕਦਾ ਓਸ ਵਕਤ ਸ. ਤਰਲੋਕ ਸਿੰਘ ਜੀ ਦੀ ਇਹ ਖੋਜ ਤੁਹਾਡੇ ਹੱਥ ਨਾ ਲੱਗੇ। ਇਸ ਲਈ ਜਿੱਥੇ ਰੋਜਾਨਾ ਦੇ ਕਾਰਜ ਜ਼ਰੂਰੀ ਨੇ ਸਮਾਂ ਕੱਢ ਕੇ ਨਿਰਸਵਾਰਥ ਕੀਤੇ ਡਾ. ਸਾਹਿਬ ਦੇ ਇਸ ਕਾਰਜ ਨੂੰ ਪੜ੍ਹ ਕੇ ਲਾਹਾ ਲਿਆ ਜਾਵੇ। ਇਸ ਦਸਤਾਵੇਜ ਨੂੰ ਪੜ੍ਹਨ ਤੋਂ ਬਾਅਦ ਜਦੋਂ ਤੁਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਦਰਸ਼ਨ ਕਰਨੇ ਤਾਂ ਤੁਹਾਡੀ ਜਿੰਦਗੀ ਵਿਚਲੇ ਅਗਾਂਹ ਆਉਣ ਵਾਲ਼ੇ ਸਵਾਲਾਂ ਦੇ ਜਵਾਬ ਬੜੇ ਸੁਖਾਲੇ ਤੁਸੀਂ ਆਪ ਹੀ ਖੋਜ ਲੈਣੇ।

'ਹਉ ਮੂਰਖੁ ਕਾਰੈ ਲਾਈਆ ਨਾਨਕ ਹਰ ਕੰਮੇ॥' ਸ਼ੁਕਰ ਹੈ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਜੀ ਦਾ ਜਿਹਨਾਂ ਨੇ ਮੇਰੇ ਜਿਹੇ ਮੂਰਖ ਨੂੰ ਡਾ. ਤਰਲੋਕ ਸਿੰਘ ਜੀ ਦੀ 'ਕਰੜਾ ਸਾਰੁ' ਮਿਹਨਤ ਬਾਰੇ ਲਿਖਣ ਲਈ ਅੱਖਰ ਬਖ਼ਸ਼ੇ ਵਰਨਾ ਤੁੱਛ ਬੁੱਧੀ ਇੱਕ ਨਾਲ਼ੀ ਦੇ ਕੀੜੇ ਸਮਾਨ ਇਸ ਸਖ਼ਸ਼ ਜਿਸ ਦਾ ਨਾਂ ਘਰਦਿਆਂ 'ਸੁਰਜੀਤ ਸਿੰਘ' ਰੱਖਿਆ ਤੇ ਇਹ ਸਮਾਜ 'ਡਾ. ਸੁਰਜੀਤ ਸਿੰਘ ਜਰਮਨੀ' ਆਖਣ ਲੱਗ ਗਿਆ। ਉਹ ਇਤਨੇ ਵੱਡੇ ਵਿਦਵਾਨ ਜਿਹਨਾਂ 'ਤੇ ਗੁਰੂ ਪਾਤਸ਼ਾਹ ਦੀ ਰਹਿਮਤ ਹੈ, ਜਿਹਨਾਂ ਕੋਲ ਜਿੱਥੇ ਦੁਨਿਆਵੀ ਗਿਆਨ ਵਿੱਚ ਇਤਨਾ ਕੁਝ ਕਿ ਆਪਣੇ ਆਪ ਵਿੱਚ ਇੱਕ ਇੰਸਟੀਟਿਊਸ਼ਨ ਹਨ, ਤੇ ਜੇ ਗੱਲ ਅਧਿਆਤਮਿਕ ਗਿਆਨ ਦੀ ਕਰੀਏ ਤਾਂ ਪਾਤਸ਼ਾਹ ਨੇ ਡਾ. ਸਾਹਿਬ ਨੂੰ ਓਥੇ ਵੀ ਬਰਕਤਾਂ ਨਾਲ਼ ਨੱਕੋ-ਨੱਕ ਭਰਿਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਨੇ ਉਹਨਾਂ ਨੂੰ ਕਈ ਵਾਰ ਆਪਣੇ ਦਰਸ਼ਨ ਅਰਥਾਂ ਸਮੇਤ ਦੇ ਕੇ ਨਿਵਾਜਿਆ। ਉਹਨਾਂ ਦੀ ਲਿਖਤ ਬਾਰੇ ਮੇਰੇ ਜਿਹੀ ਤੁਛ-ਬੁੱਧੀ ਇੱਕ ਅੱਖਰ ਵੀ ਲਿਖਣ 'ਚ ਅਸਮਰੱਥ ਸੀ। ਡਾ. ਸਾਹਿਬ ਦੇ ਪਿਆਰ ਨੇ ਗੁਰੂ ਪਾਤਸ਼ਾਹ ਕੋਲੋਂ ਅਰਦਾਸ ਕਰ ਕੇ **'ਹਉ ਮੂਰਖੁ ਨੂੰ ਕਾਰੇ ਲਾਇਆ'**। ਅੱਖਰ ਵਾਧ-ਘਾਟ ਦੀ ਡਾ. ਸਾਹਿਬ ਤੇ ਇਹਨਾਂ ਦੇ ਪਾਠਕਾਂ ਤੋਂ ਮੁਆਫੀ! ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਖ਼ਸ਼ਣਹਾਰ ਨੇ ਤੁਸੀਂ ਪਾਤਸ਼ਾਹ ਅੱਗੇ ਅਰਦਾਸ ਕਰ ਕੇ ਬਖ਼ਸਸ਼ਾ ਲੈਣਾ। ਸਤਿ ਕਰਤਾਰ॥

* * * *

- ਸੁਰਜੀਤ ਸਿੰਘ ਜਰਮਨੀ (ਡਾ.)



– ਗੁਰਚਰਨਜੀਤ ਸਿੰਘ ਲਾਂਬਾ

ਸ੍ਰੀ ਗੁਰੂ ਤੇਗ ਬਹਾਦੁਰ ਜੀ ਦੀ ਸ਼ਹਾਦਤ
ਸਮਕਾਲੀ ਸਾਰਥਿਕਤਾ

'ਨਿਰਭਉ ਨਿਰਵੈਰੁ' ਤੋਂ 'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ' ਤਕ ਦਾ ਸਫ਼ਰ

ਪੰਥਕ ਕਵੀ ਤੇਜਾ ਸਿੰਘ ਸਾਬਰ ਨੇ ਇੱਕ ਬਹੁਤ ਹੀ ਸੁੰਦਰ ਸ਼ਹੀਦੀ ਗੁਲਦਸਤੇ ਦਾ ਜ਼ਿਕਰ ਕੀਤਾ ਹੈ :

ਸੁਰਗਾਂ ਦੇ ਵਿੱਚ ਬੈਠੀਆਂ ਹੈਸਨ,
ਇੱਕ ਜਗ੍ਹਾ ਸਰਕਾਰਾਂ ਦੋ।
ਵੇਖਣ ਵਾਲ਼ੇ ਵੇਖ ਰਹੇ ਨੇ
ਬੁਤ ਏ ਇੱਕ ਨੁਹਾਰਾ ਦੋਂ।
ਗੱਲਾਂ ਵਿੱਚੋਂ ਗੱਲ ਇਹ ਨਿਕਲ,
ਗੱਲ ਏ ਇੱਕ ਵਿਚਾਰਾਂ ਦੋ।
ਇੱਕ ਨੇ ਪੰਚਮ ਪਿਤਾ ਪਿਆਰੇ,
ਇੱਕ ਉਹਨਾਂ ਦੇ ਪੋਤੇ ਜੋ।
ਉਸ ਪੋਤੇ ਨੇ ਪੋਤੇ ਲੈ ਲਏ, ਦੋ ਏਧਰ ਤੇ ਏਧਰ ਦੋ।

ਸ਼ਹਾਦਤਾਂ ਦੀ ਇਹ ਇੱਕ ਲੜੀ ਸੀ, ਜੋ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨਾਲ਼ ਅਰੰਭ ਹੋਈ। ਇਸ ਦੇ ਬਾਅਦ ਤਾਂ ਸ਼ਹਾਦਤਾਂ ਦੀ ਝੜੀ ਹੀ ਲੱਗ ਗਈ।

24 ਨਵੰਬਰ, 1675 ਨੂੰ ਹਿੰਦੁਸਤਾਨ ਦੀ ਰਾਜਧਾਨੀ ਦਿੱਲੀ ਵਿੱਚ ਲਾਲ ਕਿਲ੍ਹੇ ਦੇ ਨੇੜੇ ਨੌਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਤੇਗ ਬਹਾਦੁਰ ਜੀ ਨੂੰ ਔਰੰਗਜ਼ੇਬ ਦੇ ਹੁਕਮ ਨਾਲ਼ ਸ਼ਹੀਦ ਕਰ ਦਿੱਤਾ ਗਿਆ। ਮਾਨਵਤਾ ਦੇ ਇਤਿਹਾਸ ਵਿੱਚ ਇਹ ਇੱਕ ਐਸੀ ਘਟਨਾ ਹੈ ਜੋ ਕਈ ਪੱਖੋਂ ਅਨੂਠੀ ਹੈ। ਇਸ ਦੀ ਕੋਈ ਹੋਰ ਮਿਸਾਲ ਨਹੀਂ ਮਿਲਦੀ। ਤਾਹੀਓਂ ਤਾਂ ਕਲਗ਼ੀਧਰ ਪਿਤਾ ਨੇ ਆਪਣੀ ਆਤਮ ਕਥਾ ਵਿੱਚ ਇਸ ਸ਼ਹਾਦਤ ਬਾਰੇ ਕਿਹਾ **'ਤੇਗ ਬਹਾਦੁਰ ਸੀ ਕ੍ਰਿਆ ਕਰੀ ਨ ਕਿਨਹੂੰ ਆਨਿ ॥੧੫॥'**

ਸੰਸਾਰ ਦੇ ਇਤਿਹਾਸ ਵਿੱਚ ਅਣਗਿਣਤ ਕੁਰਬਾਨੀਆਂ ਹੋਈਆਂ ਹਨ, ਜਿਹੜੀਆਂ ਮਾਨਵਤਾ ਨੇ ਆਪਣੇ ਸੀਨੇ ਵਿੱਚ ਸਾਂਭ ਕੇ ਰੱਖੀਆਂ ਹਨ। ਇਹਨਾਂ ਨੂੰ ਕੋਈ ਮਿਟਾ ਨਹੀਂ ਸਕਿਆ। ਪਰ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਵਿੱਚ ਉਹ ਕਿਹੜੀ ਖ਼ਾਸੀਅਤ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਕਹਿਣਾ ਪਿਆ ਕਿ ਗੁਰੂ ਤੇਗ ਬਹਾਦੁਰ ਜੀ ਨੇ ਤਾਂ 'ਇਤੀ' ਹੀ ਕਰ ਦਿੱਤੀ, ਭਾਵ 'ਇੰਤਹਾ' ਹੀ ਕਰ ਦਿੱਤੀ ਅਤੇ ਇਹਨਾਂ ਵਰਗੀ ਕ੍ਰਿਆ ਕੋਈ ਵੀ ਨਹੀਂ ਕਰ ਸਕਿਆ। ਆਖ਼ਰ ਐਸਾ ਕੀ ਹੈ ਇਸ ਸ਼ਹਾਦਤ ਵਿੱਚ? ਇਸ ਦੇ ਨਾਲ਼ ਹੀ ਕੀ ਇਹ ਸ਼ਹਾਦਤ ਇੱਕ ਵਕਤੀ ਘਟਨਾ ਸੀ, ਜੋ ਸਮੇਂ ਦੇ ਖੁਰ ਜਾਣ ਨਾਲ਼ ਧੁੰਧਲੀ ਪੈ ਜਾਣੀ ਸੀ। ਜੇ ਐਸਾ ਹੈ ਤਾਂ ਇਹ ਓਸ ਅਜ਼ੀਮ ਸ਼ਹਾਦਤ ਨਾਲ਼ ਇਨਸਾਫ਼ ਨਹੀਂ ਹੋਏਗਾ। ਬਲਕਿ ਗੁਰੂ ਤੇਗ ਬਹਾਦੁਰ ਜੀ ਦੀ ਸ਼ਹਾਦਤ ਦੇ ਕਈ ਆਯਾਮ ਹਨ, ਕਈ ਪੱਖ ਹਨ।

ਸਾਢੇ ਤਿੰਨ ਸੌ ਸਾਲ ਬੀਤ ਜਾਣ ਦੇ ਬਾਅਦ ਵੀ ਸਾਰੇ ਵਿਸ਼ਵ ਵਿੱਚ ਓਹੀ ਕਾਰਣ, ਓਹੀ ਢੰਗ, ਓਹੀ ਜ਼ੁਲਮੋ-ਤਸ਼ੱਦਦ ਬਾਦਸਤੂਰ ਜਾਰੀ ਹਨ। ਜਾਪਦਾ ਹੈ ਕਿ 350 ਸਾਲ ਬੀਤ ਜਾਣ ਦੇ ਬਾਵਜੂਦ ਇਨਸਾਨੀਅਤ ਨੇ ਇਸ ਦੀ ਕਦਰ ਨਹੀਂ ਪਾਈ ਅਤੇ ਨਾ ਹੀ ਕੋਈ ਸਬਕ ਹੀ ਸਿਖਿਆ ਹੈ। ਤਾਂ ਤੇ ਇਸ ਕੁਰਬਾਨੀ ਦੀ ਸਾਰਥਕਤਾ, ਇਸ ਦੀ ਪ੍ਰਸੰਗਿਕਤਾ ਅੱਜ ਵੀ ਪੂਰੀ ਤਰ੍ਹਾਂ



ਕਾਇਮ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਬਚਨ ਹਨ **'ਦੇਵ ਦੈਤ ਜਛਨ ਉਪਜਾਯੋ॥ (ਦ.ਗ੍ਰੰ.)'** ਇਸ ਲਈ ਜੇ ਇਹ ਦੋ ਸ਼ਕਤੀਆਂ ਸਮਾਨਾਂਤਰ ਸੰਸਾਰ ਵਿੱਚ ਵਿਚਰਨੀਆਂ ਹਨ ਤਾਂ ਗੁਰੂ ਤੇਗ ਬਹਾਦੁਰ ਜੀ ਦੀ ਸ਼ਹਾਦਤ ਮਾਨਵਤਾ ਨੂੰ ਹਮੇਸ਼ਾਂ ਪ੍ਰੇਰਣਾ ਦਿੰਦੀ ਰਹੇਗੀ।

ਸਤਿਗੁਰੂ ਜੀ ਦੀ ਇਸ ਕੁਰਬਾਨੀ ਬਾਰੇ ਕਿਸੇ ਨੇ ਬਹੁਤ ਸੁੰਦਰ ਲਿਖਿਆ ਸੀ :

ਵਾਰ ਕੇ ਸੀਸ ਜਗਾਇ ਦੀਏ ਸਭ,
ਸੋਏ ਪੜੇ ਥੇ ਜੋ ਪਾਇ ਪਸਾਰੇ।
ਕੰਠ ਲਗਾਇ ਭੇਦ ਕੀਏ ਜਨ,
ਨੀਚ ਅਜਾਤ ਅਛੂਤ ਵਿਚਾਰੇ।
ਚਾਰ ਦਿਸ਼ਾ ਜਿਨ ਕੀ ਕਿਰਪਾ ਹੂੰ ਤੇ,
ਬਾਜਤ ਹੈਂ ਅਬ ਸੰਖ ਨਗਾਰੇ।
ਧੰਨ ਗੁਰੂ ਗੁਰ ਤੇਗ ਬਹਾਦੁਰ,
ਸੀਸ ਧਰੋਂ ਤਿਨ ਕੇ ਚਰਨਾਰੇ।

ਸਤਿਗੁਰੂ ਜੀ ਦੀ ਸ਼ਹਾਦਤ ਦੀ ਬੁਨਿਆਦ, ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਸ ਇਲਾਹੀ ਐਲਾਨਨਾਮੇ ਨਾਲ਼ ਹੋ ਗਈ, ਜਦੋਂ ਸਤਿਗੁਰੂ ਜੀ ਨੇ ਕਰਤਾ ਪੁਰਖ ਨੂੰ ਨਿਰਭਉ-ਨਿਰਵੈਰੁ ਦੇ ਗੁਣਾਂ ਨਾਲ਼ ਬਿਆਨਿਆ। ਇਸ ਦੇ ਨਾਲ਼ ਹੀ ਇਹ ਵੀ ਦ੍ਰਿੜ੍ਹ ਕਰ ਦਿੱਤਾ ਕਿ ਕਰਤਾ-ਪੁਰਖ ਦੇ ਇਹਨਾਂ ਦੋ ਦੈਵੀ ਗੁਣਾਂ ਨੂੰ ਅਪਣਾਏ ਬਿਨਾਂ ਉਸ ਨਾਲ਼ ਸਾਂਝ ਨਹੀਂ ਬਣ ਸਕੇਗੀ। ਇਸ ਅਗੰਮੀ ਸੁਨੇਹੇ ਨੂੰ ਗੁਰੂ ਤੇਗ ਬਹਾਦੁਰ ਜੀ ਨੇ **'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ'** ਦੇ ਰੂਪ ਸਾਰੇ ਸੰਸਾਰ ਨੂੰ ਦੱਸਿਆ ਅਤੇ ਅਪਣਾਇਆ। ਕਹਿਣ ਮਾਤਰ ਨੂੰ **'ਨਿਰਭਉ ਨਿਰਵੈਰੁ'** ਅਤੇ **'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ'** ਬੜੇ ਹੀ ਲੁਭਾਵਨੇ ਲੱਗਦੇ ਹਨ, ਪਰ ਜਦੋਂ ਸਾਹਮਣੇ ਬਾਬਰ ਜਾਂ ਔਰੰਗਜ਼ੇਬ ਹੋਵੇ ਉਸ ਸਮੇਂ ਇਸ ਨੂੰ ਅਮਲ ਵਿੱਚ ਲਿਆਉਣਾ ਇਹ ਮਰਦ ਅਗੰਮੜੇ ਦਾ ਕਾਰਜ ਹੁੰਦਾ ਹੈ।

ਇਤਿਹਾਸ ਗਵਾਹ ਹੈ ਇੱਕੋ ਸਮੇਂ ਨਿਰਭਉ ਅਤੇ ਨਿਰਵੈਰੁ ਹੋਣਾ ਬਹੁਤ ਹੀ ਔਖਾ ਹੈ। ਹਰ ਗੀਦੀ ਜਾਂ ਡਰਪੋਕ ਕਹਿ ਦਿੰਦਾ ਹੈ ਕਿ ਉਹ ਤਾਂ 'ਨਿਰਵੈਰ' ਹੈ। ਦੂਸਰੇ ਪਾਸੇ ਹਰ ਜ਼ਾਲਮ ਕਹਿੰਦਾ ਹੈ ਕਿ ਉਹ 'ਨਿਰਭਉ' ਹੈ। ਪਰ ਗੁਰਮਤਿ ਨੇ ਸਿੱਖ ਲਈ ਇਹਨਾਂ ਦੋਨਾਂ ਗੁਣਾਂ ਦਾ ਇੱਕੋ ਸਮੇਂ ਸਮਾਵੇਸ਼ ਕਰਾਉਣ ਦੀ ਕਠਿਨ ਸ਼ਰਤ ਰੱਖੀ। ਗੁਰੂ ਤੇਗ ਬਹਾਦੁਰ ਜੀ ਨੇ ਨਿਰਭਉ-ਨਿਰਵੈਰੁ ਨੂੰ ਅਮਲ ਵਿੱਚ ਲਿਆਂਦਿਆਂ ਸਾਬਤ ਕਰ ਦਿੱਤਾ ਕਿ ਉਹ ਨਾ ਤਾਂ ਕਿਸੇ ਨੂੰ ਭੈਅ ਦੇਣਗੇ ਅਤੇ ਨਾ ਹੀ ਭੈਅ ਲੈਣਗੇ।

ਸੰਸਾਰ ਦੇ ਇਤਿਹਾਸ ਵਿੱਚ ਆਪਣੇ ਲਈ, ਆਪਣੇ ਕੁਨਬੇ ਲਈ, ਆਪਣੀ ਬਿਰਾਦਰੀ ਲਈ, ਆਪਣੇ ਧਰਮ ਲਈ ਤਾਂ ਕੁਰਬਾਨੀ ਦੀਆਂ ਅਣਗਿਣਤ ਮਿਸਾਲਾਂ ਹਨ ਪਰ ਕਿਸੇ ਦੂਸਰੇ ਦੇ ਧਰਮ ਲਈ, ਉਹਨਾਂ ਦੇ ਧਾਰਮਿਕ ਹੱਕਾਂ ਲਈ, ਜ਼ਮੀਰ ਦੀ ਅਜ਼ਾਦੀ ਲਈ ਜਾਨ ਦੇ ਦੇਣੀ ਇਹ ਇੱਕ ਐਸਾ ਚਾਨਣ ਮੁਨਾਰਾ ਹੈ, ਜਿਸ ਨੇ ਚਾਂਦਨੀ ਚੌਕ ਨੂੰ ਰੁਸ਼ਨਾਇਆ। ਇਸ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਇੱਕ ਬਹੁਤ ਵੱਡਾ ਸਿਧਾਂਤ ਦਿੱਤਾ ਕਿ ਮਾਨਵਤਾ ਦੇ ਪੱਧਰ 'ਤੇ ਕੋਈ ਵਿਤਕਰਾ ਨਹੀਂ ਹੋ ਸਕਦਾ। ਸਤਿਗੁਰੂ ਜੀ ਦੇ ਬਚਨ ਹਨ: **ਜਾਂ ਤੇ ਛੂਟ ਗਯੋ ਭ੍ਰਮ ਉਰ ਕਾ, ਤਿਸ ਆਗੇ ਹਿੰਦੂ ਕਯਾ ਤੁਰਕਾ।** ਯਾਨਿ ਜਿਸ ਦੇ ਹਿਰਦੇ ਵਿੱਚ ਦ੍ਵੈਤ ਮਿਟ ਗਈ, ਉਸ ਦੇ ਸਾਹਮਣੇ ਹਿੰਦੂ-ਤੁਰਕ ਦਾ ਭੇਦ ਮਿਟ ਜਾਂਦਾ ਹੈ।

ਇਹ ਕੁਰਬਾਨੀ ਉਹਨਾਂ ਧਾਰਮਿਕ ਚਿਨ੍ਹਾਂ ਦੀ ਰਾਖੀ ਲਈ ਹੋਈ, ਜਿਨ੍ਹਾਂ ਨੂੰ ਪਹਿਲੇ ਜਾਮੇ ਵਿੱਚ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਪਨਾਉਣ ਤੋਂ ਇਨਕਾਰ ਕਰ ਦਿੱਤਾ ਸੀ ਕਿ ਮੇਰੀ ਉਮੱਤ ਧਾਗਿਆਂ ਦੇ ਬੰਧਨ ਵਿੱਚ ਨਹੀਂ ਬੰਨ੍ਹੀ ਜਾਏਗੀ। ਪਰ ਗੁਰੂ ਤੇਗ ਬਹਾਦਰ ਜੀ

ਵੱਲੋਂ ਹਿੰਦੂ ਧਰਮ ਦੇ ਉਨ੍ਹਾਂ ਹੀ ਚਿਨ੍ਹਾਂ ਲਈ ਕੁਰਬਾਨੀ ਦੇ ਦੇਣੀ, ਇਸ ਨੇ ਸਾਰੇ ਸੰਸਾਰ ਨੂੰ ਚਕ੍ਰਿਤ ਕਰ ਦਿੱਤਾ।

ਸਿਰ ਰਾਖੇ ਸਿਰ ਜਾਤ ਹੈ, ਸਿਰ ਕਾਟੇ ਸਿਰ ਸੋਹੇ।
ਜੈਸੇ ਬਾਤੀ ਦੀਪ ਕੀ ਕਟੇ ਉਜਿਆਰਾ ਹੋਏ॥

1934 ਵਿੱਚ ਮਸ਼ਹੂਰ ਕ੍ਰਾਂਤੀਕਾਰੀ ਭਾਈ ਪਰਮਾਨੰਦ ਜਦੋਂ ਵਿਦੇਸ਼ ਤੋਂ ਵਾਪਸ ਪਰਤ ਕੇ ਕਸ਼ਮੀਰ ਗਏ ਤਾਂ ਉਹਨਾਂ ਨੇ ਇਸ ਬਾਰੇ ਆਪਣੀ ਕਿਤਾਬ 'ਸਟੋਰੀ ਆਫ਼ ਮਾਈ ਲਾਈਫ਼' ਦੇ ਪੰਨਾ 178 'ਤੇ ਲਿਖਿਆ :

ਕਸ਼ਮੀਰ ਦੇ ਹਰ ਬ੍ਰਾਹਮਣ ਮੁੰਡੇ ਦੇ ਮੱਥੇ 'ਤੇ ਲੱਗੇ ਤਿਲਕ ਦੇ ਦਰਸ਼ਨ ਕਰ ਕੇ ਅਚੇਤਨ ਤੌਰ 'ਤੇ ਮੇਰਾ ਸਿਰ ਪਰਮਾਤਮਾ ਦੇ ਸ਼ੁਕਰਾਨੇ ਵਿੱਚ ਝੁਕ ਜਾਂਦਾ ਹੈ। ਇਹ ਮੈਨੂੰ ਗੁਰ ਤੇਗ ਬਹਾਦਰ ਜੀ ਦੁਆਰਾ ਕੀਤੀ ਗਈ ਉਸ ਮਹਾਨ ਕੁਰਬਾਨੀ ਦੀ ਯਾਦ ਕਰਵਾ ਦਿੰਦਾ ਹੈ।

ਪਰ ਦੂਸਰੇ ਪਾਸੇ ਇਹ ਵੀ ਇੱਕ ਤਲਖ਼ ਸੱਚਾਈ ਹੈ ਕਿ 1675 ਵਿੱਚ ਗੁਰੂ ਤੇਗ ਬਹਾਦੁਰ ਜੀ ਨੇ 54 ਸਾਲ ਦੀ ਆਯੂ ਵਿੱਚ ਹਿੰਦੂ ਧਰਮ ਦੀ ਖ਼ਾਤਰ ਅਦੁੱਤੀ ਕੁਰਬਾਨੀ ਦਿੱਤੀ। ਗੁਰੂ ਗੋਬਿੰਦ ਸਿੰਘ ਜੀ ਦੀ ਉਮਰ ਉਸ ਸਮੇਂ 9 ਸਾਲ ਦੀ ਸੀ। ਪਰ ਇਸ ਸ਼ਹਾਦਤ ਦੇ 12 ਸਾਲ ਬਾਅਦ ਹੀ ਪਹਾੜੀ ਹਿੰਦੂ ਰਾਜਿਆਂ ਨੇ ਔਰੰਗਜ਼ੇਬ ਦੀਆਂ ਫ਼ੌਜਾਂ ਨਾਲ਼ ਮਿਲ ਕੇ ਗੁਰੂ ਗੋਬਿੰਦ ਸਿੰਘ ਜੀ 'ਤੇ ਹਮਲਾ ਕਰ ਦਿੱਤਾ। ਸੰਸਾਰ ਦੀ ਇਹੀ ਤਾਂ ਵਿਚਿਤ੍ਰਤਾ ਹੈ।

ਜਿਸ ਥਾਂ 'ਤੇ ਗੁਰੂ ਦਾ ਸੀਸ ਲੱਗਦਾ ਹੈ ਉਸ ਨੂੰ 'ਸੀਸ ਗੰਜ' ਕਿਹਾ ਜਾਂਦਾ ਹੈ। ਗੁਰੂ ਤੇਗ ਬਹਾਦੁਰ ਜੀ ਦਾ ਸੀਸ ਚਾਂਦਨੀ ਚੌਕ ਵਿੱਚ ਕਲਮ ਕੀਤਾ ਗਿਆ ਅਤੇ ਇਸ ਸੀਸ ਦਾ ਸਸਕਾਰ ਅਨੰਦਪੁਰ ਸਾਹਿਬ ਵਿੱਚ ਕੀਤਾ ਗਿਆ। ਸਤਿਗੁਰੂ ਜੀ ਦੇ ਧੜ ਦਾ ਸਸਕਾਰ ਰਕਾਬ ਗੰਜ ਸਾਹਿਬ ਦੀ ਥਾਂ 'ਤੇ ਬਾਬਾ ਲੱਖੀ ਸ਼ਾਹ ਵਣਜਾਰਾ ਦੀ ਹਵੇਲੀ ਵਿੱਚ ਹੋਇਆ।

ਦਿੱਲੀ ਦੇ ਚਾਂਦਨੀ ਚੌਕ ਅਤੇ ਅਨੰਦਪੁਰ ਸਾਹਿਬ ਦੇ ਇਹ ਦੋ ਸਥਾਨ ਸੀਸ ਗੰਜ ਸਾਹਿਬ ਹਨ। ਪਰ ਜਿੱਥੇ ਸਿੱਖਾਂ ਦੇ ਸਿਰ ਕੁਰਬਾਨ ਹੁੰਦੇ ਹਨ, ਉਹਨਾਂ ਨੂੰ 'ਸ਼ਹੀਦ ਗੰਜ' ਕਿਹਾ ਜਾਂਦਾ ਹੈ। 'ਸੀਸ ਗੰਜ' ਇੱਕ ਐਸਾ ਬੀਜ ਹੈ ਜਿਸ ਵਿੱਚੋਂ ਅਣਗਿਣਤ 'ਸ਼ਹੀਦ ਗੰਜ' ਉਗਮਦੇ ਹਨ।

ਸ਼ਮਾਂ ਭੀ ਕਮ ਨਹੀਂ, ਕੁਛ ਇਸ਼ਕ ਮੇਂ ਪਰਵਾਨੇ ਸੇ।
ਜਾਨ ਦੇਤਾ ਹੈ ਮਗਰ ਵੋ, ਤੇ ਯੇ ਸਰ ਦੇਤੀ ਹੈ।

ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਸਮੇਂ ਜਦੋਂ ਬਾਬਰ ਨੇ ਹਿੰਦੁਸਤਾਨ 'ਤੇ ਹਮਲਾ ਕੀਤਾ ਤਾਂ ਉਸ ਸਮੇਂ ਮਜ਼ਲੂਮ ਹਿੰਦੂਆਂ ਦੇ ਨਾਲ਼ ਮੁਸਲਿਮ ਔਰਤਾਂ ਵੀ ਸਨ। ਉਹਨਾਂ ਲਈ ਵੀ ਸਤਿਗੁਰੂ ਜੀ ਨੇ ਹਾਅ ਦਾ ਨਾਅਰਾ ਮਾਰਿਆ, '**ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ॥**' (ਮ: 1, 723)। ਪਰ ਜਦੋਂ ਔਰੰਗਜ਼ੇਬ ਵੇਲੇ ਹਿੰਦੂਆਂ 'ਤੇ ਜ਼ੁਲਮ ਹੋਇਆ ਤਾਂ ਗੁਰੂ ਤੇਗ ਬਹਾਦੁਰ ਜੀ ਨੇ ਆਪਣਾ ਸੀਸ ਦੇ ਦਿੱਤਾ। '**ਬਾਬੇ ਕੇ ਬਾਬਰ ਕੇ ਦੋਊ॥ ਆਪ ਕਰੈ ਪਰਮੇਸਰ ਸੋਊ॥**' (ਦ.ਗ੍ਰੰ.)

ਹਿੰਦ ਦੀ ਚਾਦਰ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਔਰੰਗਜ਼ੇਬ ਹੱਥੋਂ ਹੋਣ ਦੀ ਗਵਾਹੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ੁਦ ਕਲਮਬੰਦ ਕੀਤੀ ਕਿ ਇਹ ਪਿਤਾ-ਗੁਰੂ ਜੀ ਨੇ ਹਿੰਦੂਆਂ ਦੇ ਤਿਲਕ ਅਤੇ ਜੰਞੂ ਨੂੰ ਬਚਾ ਲਿਆ। ਇਹ ਬਹੁਤ ਹੀ ਮਹੱਤਵਪੂਰਨ ਹੈ। 1975 ਵਿੱਚ ਜਦੋਂ ਗੁਰੂ ਤੇਗ ਬਹਾਦਰ ਜੀ ਦਾ 300 ਸਾਲਾ ਸ਼ਹੀਦੀ ਪੁਰਬ ਮਨਾਇਆ ਜਾ ਰਿਹਾ ਸੀ ਤਾਂ ਉਸ ਸਮੇਂ ਬਹੁਤ ਵੱਡੇ ਪੱਧਰ 'ਤੇ ਇਹ ਕੁਫ਼ਰ ਪ੍ਰਚਲਤ ਕਰਨ ਦੀ ਕੋਝੀ ਕੋਸ਼ਿਸ਼ ਕੀਤੀ ਗਈ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤਿਲਕ ਜੰਞੂ ਜਾਂ ਧਾਰਮਿਕ ਅਜ਼ਾਦੀ ਲਈ ਨਹੀਂ ਸੀ ਹੋਈ ਬਲਕਿ ਕਨੂੰਨ ਵਿਵਸਥਾ ਵਿੱਚ ਵਿਘਨ ਪਾਉਣ ਕਰਕੇ ਉਹਨਾਂ ਨੂੰ ਕਨੂੰਨ ਮੁਤਾਬਕ ਮੌਤ ਦੀ ਸਜ਼ਾ ਦਿੱਤੀ ਗਈ।

ਪਰ ਇਸ ਦੇ ਬਾਅਦ ਉੱਠੇ ਤੂਫਾਨ ਨੇ ਉਸ ਪ੍ਰੋਫ਼ੈਸਰ ਨੂੰ ਕਹਿਣਾ ਪਿਆ ਕਿ ਕਿਸੇ ਵੀ ਘਟਨਾ ਦੀ ਸਭ ਤੋਂ ਵੱਡੀ ਅਤੇ ਭਰੋਸੇਮੰਦ ਗਵਾਹੀ ਆਤਮ-ਕਥਾ ਹੁੰਦੀ ਹੈ ਜੋ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਕਲਮ ਨਾਲ਼ ਇਹ ਸਾਰਾ ਬਿਆਨ ਕੀਤਾ ਹੈ। ਇਸ ਤਰ੍ਹਾਂ ਇਹ ਕੁਫ਼ਰ ਨੱਪਿਆ ਗਿਆ।

ਇਸ ਲਈ ਗੁਰੂ ਗੋਬਿੰਦ ਸਿੰਘ ਜੀ ਬਾਣੀ ਦੇ ਬਚਨ ਬਹੁਤ ਹੀ ਮਹੱਤਵਪੂਰਨ ਹਨ:

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ ॥
ਕੀਨੋ ਬਡੋ ਕਲੂ ਮਹਿ ਸਾਕਾ॥
ਸਾਧਨ ਹੇਤਿ ਇਤੀ ਜਿਨਿ ਕਰੀ ॥
ਸੀਸੁ ਦੀਆ ਪਰੁ ਸੀ ਨ ਉਚਰੀ ॥੧੩॥

ਪਰ ਹੁਣ ਫਿਰ ਦੱਬੀ ਜ਼ੁਬਾਨ ਵਿੱਚ ਇਹ ਪ੍ਰਚਾਰ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਉਕਤ ਬਾਣੀ ਤਾਂ ਗੁਰੂ ਗੋਬਿੰਦ ਸਿੰਘ ਜੀ ਦੀ ਹੈ ਹੀ ਨਹੀਂ। ਇਹ ਉਸ ਤੋਂ ਵੀ ਡੂੰਘੀ ਸਾਜ਼ਿਸ਼ ਦਾ ਹਿੱਸਾ ਜੋ ਗੁਰੂ ਤੇਗ ਬਹਾਦੁਰ ਜੀ ਦੀ ਸ਼ਹਾਦਤ ਦੀ ਅਹਿਮ ਗਵਾਹੀ ਮਿਟਾ ਕੇ ਮੁੜ ਉਹਨਾਂ ਨੂੰ ਸ਼ਹੀਦ ਕਰਨ ਤੁੱਲ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਤੇਗ ਬਹਾਦੁਰ ਜੀ ਦੀ ਸ਼ਹਾਦਤ ਲਈ ਇੱਕ ਹੋਰ ਪੱਖ ਪੇਸ਼ ਕੀਤਾ ਕਿ ਇਹ ਸਾਕਾ ਧਰਮ ਲਈ ਹੋਇਆ ਅਤੇ ਸਤਿਗੁਰੂ ਜੀ ਨੇ ਸੀਸ ਦੇ ਦਿੱਤਾ ਪਰ ਸਿਰੜ ਨਹੀਂ ਛੱਡਿਆ।

ਧਰਮ ਹੇਤ ਸਾਕਾ ਜਿਨਿ ਕੀਆ ॥
ਸੀਸੁ ਦੀਆ ਪਰੁ ਸਿਰਰੁ ਨ ਦੀਆ ॥
ਨਾਟਕ ਚੇਟਕ ਕੀਏ ਕੁਕਾਜਾ ॥
ਪ੍ਰਭ ਲੋਗਨ ਕਹ ਆਵਤ ਲਾਜਾ ॥੧੪॥

ਪਰ ਇਸ ਦੇ ਨਾਲ਼ ਹੀ '**ਨਾਟਕ ਚੇਟਕ ਕੀਏ ਕੁਕਾਜਾ**' ਵਾਲਾ ਨੁਕਤਾ ਬਹੁਤ ਹੀ ਮਹੱਤਵਪੂਰਨ ਹੈ। ਡਾਕਟਰ ਜੇ.ਐਸ. ਗਰੇਵਾਲ ਨੇ ਗੁਰੂ ਤੇਗ ਬਹਾਦਰ ਐਂਡ ਪਰਸ਼ਿਅਨ ਕਰਾਨਿਕਲਸ ਵਿੱਚ ਕਈ ਹਵਾਲਿਆਂ ਨਾਲ਼ ਅੰਕਤ ਕੀਤਾ ਹੈ ਕਿ ਸਤਿਗੁਰੂ ਜੀ ਨੂੰ ਇਹ ਕਿਹਾ ਗਿਆ ਕਿ ਉਹ ਕਰਾਮਾਤ ਵਿਖਾਉਣ। ਇਸ ਵਿੱਚ ਖ਼ਾਲਸਾਨਾਮਾ ਬਖ਼ਤ ਮਲ, ਤਾਰੀਖ਼ ਏ ਪੰਜਾਬ ਗੁਲਾਮ ਮੁਹਿਉਦੀਨ ਬੂਟੇ ਸ਼ਾਹ, ਰਿਸਾਲਾ ਦਰ ਅਹਿਵਾਲ-ਇ-ਨਾਨਕ ਸ਼ਾਹ ਦਰਵੇਸ਼ ਬੁੱਧ ਸਿੰਘ, ਉਮਦਤ-ਅਤ-ਤਵਾਰੀਖ ਸੋਹਨ ਲਾਲ, ਤਵਾਰੀਖੇ ਸਿੱਖਾਂ ਖੁਸ਼ਵਕਤ ਰਾਇ, ਚਾਰ ਬਾਗ ਏ ਪੰਜਾਬ ਗਣੇਸ਼ ਦਾਸ, ਇਬਰਤਨਾਮਾ ਅਲੀਉਦੀਨ ਆਦਿ ਬਹੁਤ ਹੀ ਮਹੱਤਵਪੂਰਨ ਹਨ।

ਇਸਲਾਮਿਕ ਫਲਸਫੇ ਵਿੱਚ ਔਲੀਆ (ਅੱਲ੍ਹਾ ਦੇ ਨੇੜਲਿਆਂ) ਕੋਲ ਇਹ ਕਰਾਮਾਤੀ ਸ਼ਕਤੀ ਹੁੰਦੀ ਹੈ। ਉਹ ਨਿਸਚਤ ਕਰਨਾ ਚਾਹੁੰਦੇ ਸਨ ਕਿ ਇਹ ਔਲੀਆ ਨਹੀਂ ਹੈ। ਪਰ ਇੱਥੇ ਨਾ ਕੇਵਲ ਸਤਿਗੁਰੂ ਜੀ ਨੇ ਕਰਾਮਾਤ ਵਿਖਾਉਣ ਤੋਂ ਹੀ ਇਨਕਾਰ ਕਰ ਦਿੱਤਾ ਬਲਕਿ ਇਹ ਕਿਹਾ ਕਿ '**ਨਾਟਕ ਚੇਟਕ ਕੀਏ ਕੁਕਾਜਾ॥ ਪ੍ਰਭ ਲੋਗਨ ਕਹ ਆਵਤ ਲਾਜਾ ॥14॥**' ਇਸ ਤਰ੍ਹਾਂ ਸਤਿਗੁਰੂ ਜੀ ਨੇ ਕਰਾਮਾਤ ਨੂੰ ਨਾਟਕ ਚੇਟਕ ਜਾਂ ਮਦਾਰੀਆਂ ਦਾ ਕੰਮ ਤਕ ਕਹਿ ਦਿੱਤਾ।

ਇਸਲਾਮਿਕ ਜਗਤ ਵਿੱਚ ਅਸਾਧਾਰਣ ਅਤੇ ਅਪ੍ਰਾਕ੍ਰਿਤਿਕ ਘਟਨਾਵਾਂ ਕਰਨ ਨੂੰ ਚਾਰ ਸ਼੍ਰੇਣੀਆਂ ਵਿੱਚ ਵੰਡਿਆ ਗਿਆ ਹੈ।

1. ਮੁਅਜਿਜਾ (ਜੋ ਪੈਗੰਬਰਾਂ ਦੁਆਰਾ ਜਾਹਿਰ ਹੁੰਦਾ ਹੈ)।

2. ਕਰਾਮਾਤ (ਜੋ ਔਲੀਆ ਦੁਆਰਾ ਪ੍ਰਗਟ ਹੁੰਦੀ ਹੈ)।

3. ਮਊਨਤ (ਜੋ ਮਜਜੂਬਾਂ ਤੇ ਦੀਵਾਨਿਆਂ ਦੁਆਰਾ ਪ੍ਰਦਰਸ਼ਤ ਹੁੰਦੀ ਹੈ)।

4. ਇਸਤਦਰਾਜ (ਜੋ ਈਮਾਨ ਤੋਂ ਬਾਹਰ ਦੇ ਲੋਕਾਂ ਦੁਆਰਾ ਨਮੂਦਾਰ ਹੁੰਦੀ ਹੈ)।

(ਪੰਜਾਬੀ ਸੂਫੀ ਸਾਹਿਤ ਸੰਦਰਭ ਕੋਸ਼ : ਗੁਰਦੇਵ ਸਿੰਘ, ਪੰਨਾ ***128***)

ਪਰ ਇਸ ਦੇ ਬਾਵਜੂਦ ਸਤਿਗੁਰੂ ਜੀ ਨੇ ਕਰਾਮਾਤ ਵਿਖਾਉਣ ਤੋਂ ਇਨਕਾਰ ਕਰ ਦਿੱਤਾ। ਕਿਹਾ ਜਾਂਦਾ ਹੈ ਕਿ ਉਸ ਸਮੇਂ ਗੁਰੂ ਤੇਗ ਬਹਾਦੁਰ ਜੀ ਨੂੰ ਇਹ ਵੀ ਕਿਹਾ ਗਿਆ ਕਿ ਤੁਸੀਂ ਇਹ ਐਲਾਨ ਕਰੋ ਕਿ ਤੁਹਾਡੇ ਕੋਲ ਕਰਾਮਾਤ ਨਹੀਂ ਹੈ। ਪਰ ਸਤਿਗੁਰੂ ਜੀ ਨੇ ਨਾ ਤਾਂ ਕਰਾਮਾਤ ਵਿਖਾਈ ਅਤੇ ਨਾ ਹੀ ਇਸ ਤੋਂ ਇਨਕਾਰ ਹੀ ਕੀਤਾ।

ਸਤਿਗੁਰੂ ਜੀ ਦੀ ਸ਼ਹਾਦਤ ਹੋਈ। ਇਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਅੰਕਤ ਕੀਤਾ:

ਦੋਹਰਾ ॥
ਠੀਕਰ ਫੋਰਿ ਦਿਲੀਸ ਸਿਰਿ
ਪ੍ਰਭ ਪੁਰਿ ਕੀਯਾ ਪਯਾਨ ॥
ਤੇਗ ਬਹਾਦੁਰ ਸੀ ਕ੍ਰਿਆ
ਕਰੀ ਨ ਕਿਨਹੂੰ ਆਨਿ ॥੧੫॥
ਤੇਗ ਬਹਾਦੁਰ ਕੇ ਚਲਤ ਭਯੋ ਜਗਤ ਕੋ ਸੋਕ ॥
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕਿ ॥੧੬॥

ਮਾਨਵਤਾ ਦੇ ਇਤਿਹਾਸ ਵਿੱਚ ਇਹ ਇੱਕ ਅਦੁੱਤੀ ਘਟਨਾ ਸੀ। ਇਸ ਲਈ ਸੰਸਾਰ ਵਿੱਚ ਹੈ ਹੈ ਹੈ ਦੀ ਅਵਾਜ਼ ਗੂੰਜੀ ਕਿ ਹੈਂ? ਇਸ ਤਰ੍ਹਾਂ ਵੀ ਹੋ ਸਕਦਾ ਹੈ। ਪਰ ਨਾਲ਼ ਹੀ ਸਚਿਖੰਡ ਵਿੱਚ ਜੈ ਜੈ ਜੈ ਦੀ ਜੈਕਾਰ ਹੋਈ। ਇਸ ਨੂੰ ਕੰਕਣ ਕਵੀ ਆਪਣੇ ਹੀ ਰੰਗ ਵਿੱਚ ਬਿਆਨ ਕਰਦਾ ਹੈ:

ਸੀਸ ਦੀਯਾ ਤਹਿ ਸਤਿਗੁਰੂ ਸਿਰਰ ਨ ਦੀਨਾ ਜਾਇ।
ਜੰਞੂ ਟਿੱਕਾ ਰਾਖਿਆ ਚਲੇ ਰਾਮ ਗੁਨ ਗਾਇ॥੧੭੪॥
ਹਯ ਹਯ ਹਯ ਸਭ ਜਗ ਭਯਾ ਸੁਰਗ ਲੋਕ
ਜਯਕਾਰ॥
ਭਈ ਬਧਾਈ ਇੰਦ੍ਰ ਕੇ ਆਏ ਆਪ ਮੁਰਾਰਿ॥੧੭੫॥

(ਦਸ ਗੁਰ ਕਥਾ: ਕੰਕਣ)

ਪਿਤਾ ਗੁਰੂ ਜੀ ਦੀ ਸ਼ਹਾਦਤ ਵੇਲੇ ਕਲਗ਼ੀਧਰ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਵਸਥਾ ਕੇਵਲ ਨੌਂ ਸਾਲ ਦੀ ਸੀ। **'ਕਹੁ ਨਾਨਕ ਜਉ ਪਿਤਾ ਪਤੀਨੇ॥ ਪਿਤਾ ਪੂਤ ਏਕੈ ਰੰਗਿ ਲੀਨੇ॥4॥9॥22॥'** (ਮ: 4, 1141)।

ਤਿਲਕ ਅਤੇ ਜੰਞੂ ਦੀ ਖ਼ਾਤਰ ਇਹ ਸ਼ਹਾਦਤ 1675 ਵਿੱਚ ਹੋਈ। ਇਸ ਘਟਨਾ ਤੋਂ 273 ਸਾਲ ਬਾਅਦ 10 ਦਿਸੰਬਰ, 1948 ਨੂੰ ਯੁਨਾਇਟਡ ਨੇਸ਼ਨਸ ਨੇ ਯੂਨੀਵਰਸਲ ਡਿਕਲੇਰੇਸ਼ਨ ਆਫ਼ ਹਿਊਮਨ ਰਾਈਟਸ (UDHR) ਅਪਣਾਇਆ। ਇਸ ਐਲਾਨਨਾਮੇ 'ਤੇ 48 ਮੁਲਕਾਂ ਨੇ ਦਸਤਖ਼ਤ ਕੀਤੇ। ਭਾਰਤ ਵੀ ਇਸ ਵਿੱਚ ਸ਼ਾਮਲ ਸੀ। ਇਸ ਡਿਕਲੇਰੇਸ਼ਨ ਦੀਆਂ ਤੀਹ ਮੱਦਾਂ ਸਨ ਪਰ ਇਸ ਦੀਆਂ ਆਰਟੀਕਲ (ਮੱਦ) 1 ਅਤੇ 18. ਬਹੁਤ ਹੀ ਮਹੱਤਵਪੂਰਨ ਹੈ।

Article 1: "All human beings are born free and equal in dignity and rights. They are endowed with reason and conscience and should act towards one another in a spirit of brotherhood."

Article 18: "Everyone has the right to freedom of thought, conscience and religion; this right includes freedom to change his religion or belief, and freedom, either alone or in community with others and in public or private, to manifest his religion or belief in teaching, practice, worship and observance."

ਇੰਞਪ੍ਰਤੀਤ ਹੁੰਦਾ ਹੈ ਕਿ ਜਿਵੇਂ ਇਹ ਦੋ ਮੱਦਾਂ ਗੁਰੂ ਤੇਗ ਬਹਾਦੁਰ ਜੀ ਦੀ ਮਹਾਨ ਸ਼ਹਾਦਤ ਦੇ ਫਲਸਫ਼ੇ ਨੂੰ ਅਧਾਰ ਬਣਾ ਕੇ ਹੀ ਲਿਖੀਆਂ ਗਈਆਂ ਹਨ।

ਇਹਨਾਂ ਅਨੁਸਾਰ ਹਰ ਇਨਸਾਨ ਜਨਮ ਤੋਂ ਅਜ਼ਾਦ ਜੰਮਿਆ ਹੈ ਅਤੇ ਸਭ ਦੇ ਹੱਕ ਬਰਾਬਰ ਹਨ। ਇਹਨਾਂ ਵਿੱਚ ਕਿਸੇ ਕਿਸਮ ਦਾ ਵਿਤਕਰਾ ਨਹੀਂ ਹੋ ਸਕਦਾ ਅਤੇ ਸਾਰੇ ਭ੍ਰਾਤਰੀਭਾਵ ਨਾਲ਼ ਰਹਿਣ ਦੇ ਅਧਿਕਾਰੀ ਹਨ। ਇਸ ਦੇ ਨਾਲ਼ ਹੀ ਹਰ ਵਿਅਕਤੀ ਲਈ "ਵਿਚਾਰ, ਅੰਤਰਾਤਮਾ ਅਤੇ ਧਰਮ ਦੀ ਅਜ਼ਾਦੀ; ਧਰਮ ਬਦਲਣ ਅਤੇ ਪ੍ਰਗਟ ਕਰਨ ਦਾ ਅਧਿਕਾਰ (ਇਕੱਲੇ ਜਾਂ ਸਮੂਹ ਵਿੱਚ, ਜਨਤਕ ਜਾਂ ਨਿੱਜੀ ਰੂਪ ਵਿੱਚ)। ਸੁਨਿਸਚਤ ਕੀਤਾ ਗਿਆ। ਇਸ ਰਾਹੀਂ ਹਰ ਵਿਅਕਤੀ ਦੀ ਧਾਰਮਿਕ ਅਜ਼ਾਦੀ ਨੂੰ ਯਕੀਨੀ ਬਣਾਉਣਾ ਸੀ, ਜਿਸ ਵਿੱਚ ਧਰਮ ਪਾਲਣ, ਪੂਜਾ ਅਤੇ ਸਿੱਖਿਆ ਸ਼ਾਮਲ ਹੈ। ਗੁਰੂ ਤੇਗ ਬਹਾਦੁਰ ਜੀ ਦੀ ਅਸੀਮ ਸ਼ਹਾਦਤ ਦੀ ਅੱਜ ਵਿਸ਼ਵ ਪੱਧਰ 'ਤੇ ਅਹਿਮੀਅਤ ਹੈ ਕਿ ਇਹ ਧਾਰਮਿਕ ਸਹਿਣਸ਼ੀਲਤਾ ਅਤੇ ਅਧਿਕਾਰਾਂ ਲਈ ਲੜਨ ਦਾ ਪ੍ਰੇਰਨਾ ਸਰੋਤ ਹੈ। ਇਹ ਮਨੁੱਖੀ ਅਧਿਕਾਰਾਂ ਦੇ ਸੰਘਰਸ਼ ਵਿੱਚ ਇੱਕ ਮੀਲ ਪੱਥਰ ਵਜੋਂ ਵੇਖਿਆ ਜਾਂਦਾ ਹੈ, ਜਿੱਥੇ ਕਿਸੇ ਦੂਜੇ ਦੇ ਧਰਮ ਲਈ ਜਾਨ ਕੁਰਬਾਨ ਕੀਤੀ ਗਈ।

ਦਿਲਚਸਪ ਤੱਥ ਹੈ ਕਿ ਭਾਰਤ ਦੇ ਸੰਵਿਧਾਨ ਵਿੱਚ ਵੀ ਇਹ ਸਾਰਾ ਕੁਝ ਅਤੇ 'ਭ੍ਰਾਤਰੀ ਭਾਵ' ਉਚੇਚੇ ਤੌਰ 'ਤੇ ਪਾਇਆ ਗਿਆ ਸੀ।

ਜਿਹੜਾ ਸਬਕ ਸਾਹਿਬ ਸ੍ਰੀ ਗੁਰੂ ਤੇਗ ਬਹਾਦੁਰ ਜੀ ਨੇ ਆਪਣੀ ਕੁਰਬਾਨੀ ਦੇ ਕੇ ਸਿਖਾਇਆ, ਸਿਧਾਂਤਕ ਤੌਰ 'ਤੇ ਤਾਂ ਇਸ ਨੂੰ ਯੁਨਾਈਟਡ ਨੇਸ਼ਨਸ ਨੇ ਅਪਣਾਇਆ ਪਰ ਅਮਲੀ ਤੌਰ 'ਤੇ ਸਾਰੇ ਸੰਸਾਰ ਵਿੱਚ ਧਰਮਿਕ ਅਜ਼ਾਦੀ, ਮਨੁੱਖੀ ਅਧਿਕਾਰਾਂ ਦੀ ਹਿਫ਼ਾਜ਼ਤ ਵੱਲ ਕੋਈ ਤਸੱਲੀਬਖ਼ਸ਼ ਪੇਸ਼ਕਦਮੀ ਨਹੀਂ ਹੋ ਸਕੀ। ਇਹ ਚਿੰਤਾ ਦਾ ਵਿਸ਼ਾ ਹੈ। ਹਰ ਸਾਲ ਸੰਸਾਰ ਦੇ ਵੱਖ-ਵੱਖ ਖਿੱਤਿਆਂ, ਸਣੇ ਭਾਰਤ ਵਿੱਚ ਹੋ ਰਹੇ ਵਿਤਕਰਿਆਂ ਮਨੁੱਖੀ ਅਧਿਕਾਰਾਂ ਦੇ ਹਨਨ ਦੀਆਂ ਸੁੰਦਰ ਛਪਾਈ ਵਿੱਚ ਰਿਪੋਰਟਾਂ ਜਾਰੀ ਹੋ ਜਾਂਦੀਆਂ ਹਨ। ਜਿਹਨਾਂ ਸਰਕਾਰਾਂ ਬਾਰੇ ਉਹ ਰਿਪੋਰਟਾਂ ਜਾਰੀ ਹੁੰਦੀਆਂ ਹਨ ਉਹ ਪੀਡੇ ਜਿਹੇ ਮੂੰਹ ਨਾਲ਼ ਕਹਿ ਦਿੰਦਿਆਂ ਹਨ ਕਿ ਰਿਪੋਰਟਾਂ ਲਿਖਣ ਵਾਲ਼ਿਆਂ ਨੂੰ ਸਾਡੀ ਜ਼ਮੀਨੀ ਹਕੀਕਤ ਦੀ ਜਾਣਕਾਰੀ ਨਹੀਂ ਹੈ। ਇਸ ਲਈ ਇੱਥੇ ਗੁਰੂ ਤੇਗ ਬਹਾਦੁਰ ਜੀ ਦੀ ਸ਼ਹਾਦਤ ਅੱਜ ਵੀ ਪਹਿਲੇ ਨਾਲੋ ਵੱਧ ਸਾਰਥਕ ਨਜ਼ਰ ਆਂਦੀ ਹੈ।

ਭਾਰਤ ਅਤੇ ਭਾਰਤ ਵਾਸੀਆਂ ਲਈ ਇਹ ਸ਼ਹਾਦਤ ਬਹੁਤ ਹੀ ਜ਼ਿਆਦਾ ਮਹੱਤਵਪੂਰਨ ਹੋਣੀ ਚਾਹੀਦੀ ਹੈ। ਪਰ ਕੀ ਇਹ ਹੈ? ਇਸ ਵਿੱਚ ਹੁਣ ਕੋਈ ਗੁੱਝੀ-ਲੁਕੀ ਗੱਲ ਨਹੀਂ ਕਿ ਗੁਰੂ ਤੇਗ ਬਹਾਦੁਰ ਜੀ ਦੀ ਵਾਰਿਸ ਸਿੱਖ ਕੌਮ ਦੇ ਬੁਨਿਆਦੀ ਧਾਰਮਿਕ, ਸਮਾਜਿਕ, ਕਨੂੰਨੀ ਅਤੇ ਧਾਰਮਿਕ ਸ਼ਿਕਵੇ ਪਿਛਲੇ 75 ਸਾਲਾਂ ਤੋਂ ਲਟਕ ਰਹੇ ਹਨ। ਇਹਨਾਂ ਦਾ ਨਿਦਾਨ ਕਰਨ ਦੀ ਲੋੜ ਹੈ। ਕੇਵਲ ਭਾਸ਼ਣ ਮਾਤਰ ਜਾਂ ਦਿਨ ਮਨਾਉਣਾ ਕਾਫ਼ੀ ਨਹੀਂ ਹੈ।

ਇਸ ਲਈ ਗੁਰੂ ਤੇਗ ਬਹਾਦੁਰ ਜੀ ਦੀ ਸ਼ਹਾਦਤ ਦੇ ਉਹ ਅਸੂਲ ਅੱਜ ਵੀ ਇਸ ਉਡੀਕ ਵਿੱਚ ਹਨ ਕਿ ਸਤਿਗੁਰੂ ਜੀ ਦੀ ਸ਼ਹਾਦਤ ਦੇ ਸਾਢੇ ਤਿੰਨ ਸੌ ਸਾਲ ਬਾਅਦ ਵੀ ਇਹਨਾਂ 'ਤੇ ਸ਼ਾਇਦ ਕਦੀ ਅਮਲ ਹੋ ਸਕੇਗਾ। ਵੈਸੇ ਸਾਰਾ ਸੰਸਾਰ ਗੁਰੂ ਤੇਗ ਬਹਾਦੁਰ ਜੀ ਦੀ ਸ਼ਹਾਦਤ ਦੇ ਅਸੂਲਾਂ ਨਾਲ਼ ਅੱਜ ਵੀ ਸਹਿਮਤੀ ਪ੍ਰਗਟ ਕਰਦਾ ਹੈ। ਇਸ ਲਈ ਦੋ ਤਰੀਕਾਂ ਬੜੀਆਂ ਅਹਿਮ ਹਨ। ਪਹਿਲੀ 25 ਨਵੰਬਰ 2025; ਇਹ ਸਤਿਗੁਰੂ ਜੀ ਦੀ ਸ਼ਹਾਦਤ ਦਾ 350 ਸਾਲਾ ਸ਼ਹੀਦੀ ਦਿਵਸ ਹੈ। ਅਤੇ ਦੂਸਰਾ ਇਸ ਤੋਂ ਪੰਦਰਾਂ ਦਿਨ ਬਾਅਦ 10 ਦਸੰਬਰ 2025; ਇਹ ਯੁਨਾਇਟਡ ਨੇਸ਼ਨਜ਼ ਵੱਲੋਂ ਐਲਾਨਿਆ ਧਾਰਮਿਕ ਅਤੇ ਮਨੁੱਖੀ ਅਧਿਕਾਰ ਦਿਵਸ ਹੈ। ਘੱਟੋ-ਘੱਟ ਇਹ ਉਪਰਾਲਾ ਤਾਂ ਕਰਨਾ ਹੀ ਚਾਹੀਦਾ ਹੈ ਕਿ ਯੁਨਾਇਟਡ ਨੇਸ਼ਨਜ਼ ਅਤੇ ਭਾਰਤ ਸਰਕਾਰ ਨੂੰ ਇਹ ਯਾਦ ਕਰਵਾਇਆ ਜਾਏ ਕਿ 10 ਦਸੰਬਰ 2025 ਦਾ ਦਿਨ ਗੁਰੂ ਤੇਗ ਬਹਾਦੁਰ ਜੀ ਦੀ ਸ਼ਹਾਦਤ ਨੂੰ ਸਪਰਪਿਤ ਕੀਤਾ ਜਾਏ।

ਗੁਰੂ ਤੇਗ ਬਹਾਦੁਰ ਜੀ ਦੀ ਬਾਣੀ ਦੀ ਇੱਕ ਵਿਸ਼ੇਸ਼ਤਾ ਇਹ ਸੀ ਕਿ ਉਹਨਾਂ ਨੇ ਸਾਰੀ ਬਾਣੀ ਆਮ ਪ੍ਰਚਲਤ ਭਾਸ਼ਾ ਵਿੱਚ ਰਚੀ, ਜਿਸ ਨੂੰ ਹਰ ਕੋਈ ਅਸਾਨੀ ਨਾਲ਼ ਸਮਝ ਸਕਦਾ ਸੀ। ਇਸ ਵਿੱਚ ਉਹਨਾਂ ਨੇ ਹਵਾਲੇ ਵੀ ਪੌਰਾਣਕ ਗਾਥਾਵਾਂ ਦੇ ਦਿੱਤੇ ਜਿਹੜੇ ਆਮ ਜਨ-ਮਾਨਸ ਦੇ ਮਨਾਂ 'ਤੇ ਉਕਰੇ ਸਨ। ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿਣ ਤੋਂ ਪਹਿਲਾਂ ਸਤਿਗੁਰੂ ਜੀ ਨੇ ਸਲੋਕਾਂ ਤੋਂ ਪਹਿਲਾਂ ਜੈਕਾਰ ਕਰ ਰਹੀ ਜਿਹੜੀ ਅਖੀਰਲੀ ਬਾਣੀ ਰਚੀ, ਉਹ ਵੀ ਰਾਗ ਜੈਜਾਵੰਤੀ ਵਿੱਚ ਸੀ। ਰਾਤ ਦੇ ਪਹਿਲੇ ਪਹਿਰੇ ਦੇ ਰਾਗ ਦਾ ਇਹ ਪਾਵਨ ਸ਼ਬਦ ਸੀ :

ਜੈਜਾਵੰਤੀ ਮਹਲਾ ੯ ॥ ਬੀਤ ਜੈਹੈ ਬੀਤ ਜੈਹੈ ਜਨਮੁ ਅਕਾਜੁ ਰੇ ॥ ਨਿਸਿ ਦਿਨੁ ਸੁਨਿ ਕੈ ਪੁਰਾਨ ਸਮਝਤ ਨਹ ਰੇ ਅਜਾਨ॥ ਕਾਲੁ ਤਉ ਪਹੂਚਿਓ ਆਨਿ ਕਹਾ ਜੈਹੈ ਭਾਜਿ ਰੇ ॥੧॥ ਰਹਾਉ ॥ ਅਸਥਿਰੁ ਜੋ ਮਾਨਿਓ ਦੇਹ ਸੋ ਤਉ ਤੇਰਉ ਹੋਇ ਹੈ ਖੇਹ॥ ਕਿਉ ਨ ਹਰਿ ਕੋ ਨਾਮੁ ਲੇਹਿ ਮੂਰਖ ਨਿਲਾਜ ਰੇ ॥੧॥ ਰਾਮ ਭਗਤਿ ਹੀਏ ਆਨਿ ਛਾਡਿ ਦੇ ਤੈ ਮਨ ਕੋ ਮਾਨੁ ॥ ਨਾਨਕ ਜਨ ਇਹ ਬਖਾਨਿ ਜਗ ਮਹਿ ਬਿਰਾਜੁ ਰੇ ॥੨॥੪॥

(ਮ: ੯ ੧੩੫੩)

ਇਹ ਗੁਰੂ ਤੇਗ ਬਹਾਦੁਰ ਜੀ ਦਾ ਸਦੀਵੀ ਪੈਗਾਮ ਮਾਨਵ ਮਾਤਰ ਲਈ ਹੈ।

ਅਖ਼ੀਰ ਵਿੱਚ ਗੁਰੂ ਤੇਗ ਬਹਾਦੁਰ ਜੀ ਦੀ ਸ਼ਹਾਦਤ ਬਾਰੇ ਮਾਸਟਰ ਤਾਰਾ ਸਿੰਘ ਜੀ ਦਾ ਕਥਨ ਕਾਫ਼ੀ ਭਾਵ ਪੂਰਤ ਹੈ :

1. ਧੰਨ ਭਾਗ ਹਨ ਉਸ ਦੇ ਜਿਸ ਨੂੰ ਦੂਸਰਿਆਂ ਦੀ ਸੇਵਾ ਕਰਨ ਦਾ ਮੌਕਾ ਮਿਲਿਆ।
2. ਉਸ ਤੋਂ ਭੀ ਵਧੇਰੇ ਭਾਗ ਹਨ ਉਸ ਦੇ ਜਿਸ ਨੂੰ ਧਰਮ ਦੀ ਸੇਵਾ ਕਰਨ ਦਾ ਮੌਕਾ ਮਿਲਿਆ।
3. ਉਸ ਤੋਂ ਭੀ ਵਧੇਰੇ ਭਾਗ ਹਨ ਉਸ ਦੇ ਜਿਸ ਨੂੰ ਹੋਰਨਾਂ ਦੇ ਧਰਮਾਂ ਦੀ ਸੇਵਾ ਕਰਨ ਦਾ ਮੌਕਾ ਮਿਲੇ।
4. ਉਸ ਤੋਂ ਭੀ ਵਧੇਰੇ ਭਾਗ ਹਨ ਉਸ ਦੇ ਜਿਸ ਨੂੰ ਦੂਸਰਿਆਂ ਦੇ ਧਰਮ ਦੀ ਧਰਮ ਦੀ ਰੱਖਿਆ ਕਰਨ ਦਾ ਮੌਕਾ ਮਿਲੇ।
5. ਸਭ ਤੋਂ ਵਧੇਰੇ ਭਾਗ ਹਨ ਉਸ ਦੇ ਜਿਸ ਨੂੰ ਦੂਸਰਿਆਂ ਦੇ ਧਰਮ ਦੀ ਰਖਿਆ ਲਈ ਜਾਨ ਦੇਣ ਦਾ ਮੌਕਾ ਮਿਲੇ।

ਅਖ਼ੀਰ ਵਿੱਚ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਸੀਸ ਹੀ ਇੱਕ ਆਸਰਾ ਹੈ, **ਤੇਗ ਬਹਾਦੁਰ ਸਿਮਰੀਐ ਘਰਿ ਨੌ ਨਿਧ ਆਵੈ ਧਾਇ ॥ ਸਭ ਥਾਈ ਹੋਇ ਸਹਾਇ ॥੧॥**

ਗੁਰੂ ਤੇਗ ਬਹਾਦੁਰ ਜੀ ਦੇ ਦਰ 'ਤੇ ਪੰਥ ਦੀ ਪੁਕਾਰ:

ਨੰਦਨ ਹਰਗੋਬਿੰਦ ਕੋ ਅਭਿਨੰਦਨ ਕਰੋਂ ਚਿਤ ਲਾਇ।
ਸਿੱਖ ਤਿਹਾਰੇ ਆਤੁਰ ਭਏ 'ਕਿਰਪਾ ਰਾਮ' ਸਮ ਆਏ।
ਧਰਮ ਤਿਹਾਰਾ ਚਿੰਨ੍ਹ ਕਰੋਂ ਜਬ ਭਾਖਿਆ ਤੁਰਕ ਦਿਲੀਸ।
ਦਾਰਦ ਦੇਖ ਦਰਿਦ੍ਰ ਕਾ ਦ੍ਰਵਿਤ ਭਏ 'ਅਵਨੀਸ਼'।
ਸ਼ਿਖਾ ਸੂਤ ਸਭ ਰਾਖ ਲਏ, ਦੇ ਕਰ ਆਪਣਾ ਸੀਸ।
ਸੀਸ ਗੰਜ ਤੇ ਉਤਪਤ ਭਏ ਅਣਗਿਣਤ ਗੰਜ ਸ਼ਹੀਦ।
ਧਰਮ ਜਿਨ੍ਹਾਂ ਕਾ ਰਾਖਿਆ, ਅਬ ਉਹ ਭਏ ਦਿਲੀਸ।
ਧਰਮ ਨਾ ਚੀਨੇਂ ਸਿਖ ਕਾ, ਇਹ ਕੈਸੋ ਹੈ ਬਿਉਹਾਰ।
ਤਿਲਕ ਜੰਞੂ ਜਿਮ ਰਾਖਿਆ, ਅਬ ਰਾਖੋ ਮੋਰ ਕਕਾਰ।
ਨਿਰਮਲ ਪੰਥ ਪ੍ਰਗਾਸਿਆ ਨਾਨਕ ਸ਼ਾਹ ਸਿਰਦਾਰ।
ਅਬ ਤੁਮਾਰੇ ਦੁਆਰੇ ਢਹਿ ਪਿਆ ਕਰੇ ਪੰਥ ਪੁਕਾਰ।
ਮੋਹੇ ਅਨਾਥ ਪੈ ਕਿਰਪਾ ਕਰੋ, ਨਾਤਰ ਨਾ ਚਾਹੋਂ ਇਹ ਸੀਸ।
ਪਰ ਪੰਥ ਅਕਾਲੀ ਰਾਖ ਲੇਉ ਕਿਰਪਾ ਕਰ ਜਗਦੀਸ਼।

* * * *



– ਗੁਰਚਰਨਜੀਤ ਸਿੰਘ ਲਾਂਬਾ

ਗੁਰ ਨਾਨਕ ਦੇਵ ਗੋਵਿੰਦ ਰੂਪ

ਕਰ ਜੋਰੂੰ ਪਰਣਾਮ ਕਰ ਧਰੋ ਚਰਨ ਪਰ ਸੀਸ।
ਨਾਨਕ ਤੁਮ ਗੁਰੁਦੇਵ ਜੀ ਪੂਰਨ ਵਿਸ੍ਵੇ ਬੀਸ।
ਪਰਮਹੰਸ ਤਾਰਨ ਤਰਨ ਗੁਰੂ ਦੇਵਨ ਕੇ ਦੇਵ।
ਅਨਭੈ ਬਾਣੀ ਦੀਜਿਯੇ ਨਾਨਕ ਪਾਵੈ ਭੇਵ ॥

(ਗੁਰ ਮਹਿਮਾ ਰਤਨਾਵਲੀ)

ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰੂ ਨਾਨਕ ਦੇਵ ਜੀ ਦਾ ਜ਼ਿਕਰ ਕਰਦੇ ਹਨ ਤਾਂ ਫੁਰਮਾਂਦੇ ਹਨ,

ਗਿਆਨ ਧਿਆਨੁ ਕਿਛੁ ਕਰਮੁ ਨ ਜਾਣਾ ਸਾਰ ਨ ਜਾਣਾ ਤੇਰੀ॥ ਸਭ ਤੇ ਵਡਾ ਸਤਿਗੁਰੁ ਨਾਨਕ ਜਿਨਿ ਕਲ ਰਾਖੀ ਮੇਰੀ॥

(ਮ.੫, ੭੫੦)

ਹੁਣ 'ਸਭ ਤੇ ਵਡਾ' ਲਈ ਜੇਕਰ ਅਧਿਆਤਮ ਖੇਤਰ ਵਿੱਚ ਕੋਈ ਲਫ਼ਜ਼ ਹੈ ਤਾਂ ਉਹ ਹੈ 'ਦੇਵ'। ਸੰਸਕ੍ਰਿਤ ਵਿੱਚ ਦੇਵ ਦਾ ਅਰਥ ਰੱਬ ਜਾਂ ਪ੍ਰਮਾਤਮਾ ਹੁੰਦਾ ਹੈ। ਯੂਨਾਨੀ ਜਾਂ ਗ੍ਰੀਕ ਗ੍ਰੰਥਾਂ ਵਿੱਚ ਵੀ ਰੱਬ ਜਾਂ ਪ੍ਰਮਾਤਮਾ ਲਈ ਲਫ਼ਜ਼ Deus ਆਇਆ ਹੈ। ਇਹ ਪੁਰਤਗਾਲੀ, ਸਪੈਨਿਸ਼, ਫਰੈਂਚ, ਇਤਾਲਵੀ, ਰੋਮਾਨੀਅਨ ਨੇ ਅਪਣਾਇਆ ਅਤੇ ਇਸ ਦਾ ਮਤਲਬ 'ਆਕਾਸ਼' ਜਾਂ 'ਸਵਰਗ ਲੋਕ' ਲਿਖਿਆ। ਇਸੇ Deus ਨੂੰ ਯਹੂਦੀਆਂ ਨੇ Dio/Dyo ਕਰ ਕੇ ਲਿਖਿਆ। ਇਸੇ ਤੋਂ ਡਿਵਨਿਟੀ ਜਾਂ ਰੂਹਾਨੀਅਤ ਲਫ਼ਜ਼ ਨਿਕਲਿਆ। ਸੋ ਸਭ ਤੋਂ ਵੱਡੀ ਰੂਹਾਨੀ ਹਸਤੀ ਲਈ ਧਰਮ ਦੀ ਦੁਨੀਆ ਵਿੱਚ 'ਦੇਵ' ਕਿਹਾ ਗਿਆ। ਦੇਵੀ ਦੇਵਤੇ ਵੀ ਦੇਵ ਦੇ ਤੁਲ ਨਹੀਂ ਹੁੰਦੇ। ਵਾਹਿਗੁਰੂ ਦੇਵਤਿਆਂ ਦਾ ਵੀ ਦੇਵ ਹੈ। ਗੁਰੂ ਗੋਬਿੰਦ ਸਿੰਘ ਜੀ ਬਖ਼ਸ਼ਿਸ਼ ਕਰਦੇ ਹਨ :

ਦੇਵ ਦੇਵਤਾਨ ਕੌ ਸੁਰੇਸ ਦਾਨਵਾਨ ਕੌ
ਮਹੇਸ ਗੰਗ ਧਾਨ ਕੌ ਅਭੇਸ ਕਹੀਅਤੁ ਹੈਂ॥

(ਦ.ਗ੍ਰੰ.)

ਪੰਚਮ ਪਿਤਾ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਵੀ ਗੁਰੂ ਨਾਨਕ ਦੇਵ ਜੀ ਨੂੰ 'ਦੇਵ' ਸ਼ਬਦ ਨਾਲ਼ ਮੁਖਾਤਬ ਕਰਦੇ ਹਨ,

ਪਾਰ ਬ੍ਰਹਮ ਨਾਨਕ ਗੁਰ ਦੇਵ॥
ਵਡੇ ਭਾਗਿ ਪਾਈਐ ਹਰਿ ਸੇਵ॥

(ਮ.੫ ੧੩੩੮)

ਭਾਈ ਗੁਰਦਾਸ ਜੀ ਗੁਰੂ ਨਾਨਕ ਦੇਵ ਜੀ ਨੂੰ ਦੇਵ ਕਹਿਣ ਬਾਬਤ ਕਮਾਲ ਦੀ ਉਦਾਹਰਣ ਦਿੰਦੇ ਹਨ:

ਸੋਰਠਾ: ਅਬਿਗਤਿ ਅਲਖ ਅਭੇਵ ਅਗਮ ਅਪਾਰ ਅਨੰਤ ਗੁਰ॥ ਸਤਿਗੁਰ ਨਾਨਕ ਦੇਵ ਪਾਰਬ੍ਰਹਮ ਪੂਰਨ ਬ੍ਰਹਮ॥ ਦੋਹਰਾ: ਅਗਮ ਪਾਰ ਅਨੰਤ ਗੁਰ ਅਬਿਗਤਿ ਅਲਖ ਅਬੇਵ॥ ਪਾਰਬ੍ਰਹਮ ਪੂਰਨ ਬ੍ਰਹਮ ਸਤਿਗੁਰ ਨਾਨਕ ਦੇਵ॥ ਛੰਤ: ਸਤਿਗੁਰ ਨਾਨਕ ਦੇਵ ਦੇਵ ਦੇਵੀ ਸਭ ਧਿਆਵਹਿ॥ ਨਾਦ ਬਾਦ ਬਿਸਮਾਦ ਰਾਗ ਰਾਗਨਿ ਗੁਨ ਗਾਵਹਿ॥

(ਕਬਿੱਤ ੩)

ਗੁਰੂ ਨਾਨਕ ਦੇਵ ਜੀ ਰੱਬੀ ਦਰਗਹ ਵਿੱਚ ਮੌਜੂਦ ਸਨ, ਹੁਕਮ ਅੰਦਰ ਪਰਗਟ ਹੋਏ।

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗਿ ਚਾਨਣੁ ਹੋਆ। ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ॥

(ਵਾਰ ੧ ਪੰ. ੨੭)

ਗੁਰੂ ਸਾਹਿਬ ਜੀ ਦੇ ਪ੍ਰਕਾਸ਼ਮਾਨ ਹੋਣ ਦੀ ਚਕਾਚੌਂਧ ਸੂਰਜ ਨਿਕਲਣ ਦੀ ਨਿਆਈਂ ਸੀ। ਸੂਰਜ ਦੇ ਉਦੇ ਹੋਣ ਨਾਲ਼ ਇਹ ਰੌਸ਼ਨੀ ਇਤਨੀ ਪ੍ਰਚੰਡ ਸੀ ਕਿ ਇਸ ਵਿੱਚ 'ਲਛਮੀ ਵਾਹਨਾਂ' ਨੂੰ ਗੁਰੂ ਜੀ ਦੇ ''ਦੇਵ'' ਰੂਪ ਨੇ ਐਸਾ ਚੁੰਧਿਆਇਆ ਕਿ ਉਹ ਗੁਰੂ ਨਾਨਕ ਦੇਵ ਜੀ ਨੂੰ ਦੇਵ ਕਹਿਣ ਮੰਨਣ ਤੋਂ ਹੀ ਮੁਨਕਰ ਹੋ ਗਏ। ਰੂਹਾਨੀਅਤ ਨੂੰ ਸਿਰਫ਼ ਇਤਿਹਾਸ ਦੇ ਅੰਕੜਿਆਂ ਨਾਲ਼ ਨਹੀਂ ਨਾਪਿਆ ਜਾ ਸਕਦਾ। ਇਸ ਲਈ ਸਿਦਕ, ਸ਼ਰਧਾ, ਭਰੋਸੇ ਦੀ ਦਰਕਾਰ ਹੁੰਦੀ ਹੈ।

ਈਸਵੀ ਸੰਨ 1969 ਵਿੱਚ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਪੰਜਵੀਂ ਪ੍ਰਕਾਸ਼ ਸ਼ਤਾਬਦੀ ਦੇ ਮੌਕੇ ਭਾਰਤ ਸਰਕਾਰ ਦੇ ਪ੍ਰਕਾਸ਼ਨ ਵਿਭਾਗ ਵੱਲੋਂ ਇੱਕ ਯਾਦਗਾਰੀ ਪੁਸਤਕ 'ਗੁਰੂ ਨਾਨਕ' ਛਾਪੀ ਗਈ ਸੀ। ਇਸ ਵਿੱਚ ਮੋਹਸਿਨ ਫ਼ਾਨੀ ਦੇ ਦਬਿਸਤਾਨਿ ਮਜ਼ਾਹਿਬਦੇ ਹਵਾਲੇ ਨਾਲ਼ ਐਸ.ਕੇ. ਰਾਮਚੰਦਰ ਰਾਓ ਦਾ 'ਰਹਸਵਾਦੀ ਨਾਨਕ' ਸਿਰਲੇਖ ਹੇਠ ਇੱਕ ਲੇਖ ਛਪਿਆ ਸੀ। ਇਸ ਵਿੱਚ ਗੁਰੂ ਨਾਨਕ ਦੇਵ ਜੀ ਦੇ ਪਿਛਲੇ ਜਨਮ ਅਤੇ ਉਹਨਾਂ ਦੇ ਪ੍ਰਕਾਸ਼ਮਾਨ ਹੋਣ ਦੇ ਕਾਰਨਾਂ ਨੂੰ ਬਿਆਨ ਕੀਤਾ ਗਿਆ ਸੀ। ਇਸ ਵਿੱਚ ਦੱਸਿਆ ਗਿਆ:

''ਦਬਿਸਤਾਨ ਵਿੱਚ ਗੁਰੂ ਨਾਨਕ ਦੇਵ ਦੇ ਇਸ ਸੰਸਾਰ ਵਿੱਚ ਆਗਮਨ ਸੰਬੰਧੀ ਇੱਕ ਸਾਖੀ ਦਰਜ ਹੈ ਜਿਸ ਦਾ ਸੰਬੰਧ ਉਨ੍ਹਾਂ ਦੇ ਪੂਰਬਲੇ ਜੀਵਨ ਨਾਲ਼ ਹੈ। ਕਹਿੰਦੇ ਹਨ ਕਿ ਉਸ ਜੀਵਨ ਯਾਤ੍ਰਾ ਦੇ ਅੰਤ ਉੱਤੇ ਉਨ੍ਹਾਂ ਦੀ ਆਤਮਾ ਨੇ ਦੋ ਮਾਰਗਾਂ ਵਿੱਚੋਂ ਇੱਕ ਦੀ ਚੋਣ ਕਰਨੀ ਸੀ। ਇਨ੍ਹਾਂ ਵਿੱਚੋਂ ਇੱਕ ਸਵਰਗ ਨੂੰ ਜਾਂਦਾ ਸੀ ਅਤੇ ਦੂਜਾ ਨਰਕ ਨੂੰ । ਨਾਨਕ ਦੀ ਆਤਮਾ ਨੇ ਅਜੀਬ ਚੋਣ ਕੀਤੀ । ਉਹ ਨਰਕ ਦੇ ਮਾਰਗ 'ਤੇ ਚੱਲ ਪਈ । ਉਨ੍ਹਾਂ ਦੀ ਆਤਮਾ ਸੜਦੇ-ਬਲ਼ਦੇ ਨਰਕ ਦੇ ਦੁਆਰ 'ਤੇ ਪਹੁੰਚੀ ਤਾਂ ਪਾਪ-ਗ੍ਰਸੀਆਂ ਲੁਛਦੀਆਂ ਅਤੇ ਤੜਪਦੀਆਂ ਰੂਹਾਂ ਨੂੰ ਸ਼ਾਂਤੀ ਮਿਲ ਗਈ । ਨਾਨਕ ਦੀ ਨੂਰੀ ਆਤਮਾ ਦੀ ਇੱਕ ਕਿਰਨ ਦੇ ਚਾਨਣ ਨੇ ਹੀ ਨਰਕੀ ਰੂਹਾਂ ਦੇ ਸਾਰੇ ਪਾਪ ਧੋ ਦਿੱਤੇ ਤੇ ਉਹ ਸਾਰੀਆਂ ਸਵਰਗ ਦੀਆਂ ਹੱਕਦਾਰ ਬਣ ਗਈਆਂ। ਪਰ ਅਕਾਲ ਪੁਰਖ ਦਾ ਹੁਕਮ ਹੋਇਆ ਕਿ ਇਹ ਪਾਪੀ ਸਵਰਗ ਵਿੱਚ ਪੈਰ ਨਹੀਂ ਧਰ ਸਕਦੇ । ਪਹਿਲਾਂ ਸੰਸਾਰ ਵਿੱਚ ਜਨਮ ਲਉ ਅਤੇ ਇਨ੍ਹਾਂ ਨੂੰ ਮੁਕਤ ਕਰੋ ਤਾਂ ਹੀ ਇਹ ਸਵਰਗ ਵਿੱਚ ਪ੍ਰਵੇਸ਼ ਕਰ ਸਕਣਗੀਆਂ। ਸੋ **ਗੁਰਮੁਖ ਕਲ ਵਿੱਚ ਪ੍ਰਗਟ ਹੋਆ।**''

ਉਕਤ ਲਿਖਤ ਸਵਰਗ-ਨਰਗ ਦਾ ਹਵਾਲਾ ਜੀਵਨ ਮੁਕਤ ਹੋਣ ਜਾਂ ਜਨਮ-ਮਰਨ ਦੇ ਗੇੜ ਦਾ ਹੈ। ਬਾਵਜੂਦ ਇਸ ਦੇ ਇਸ ਲਿਖਤ ਵਿੱਚੋਂ ਇੱਕ ਅਹਿਮ ਨੁਕਤਾ ਉਜਾਗਰ ਹੁੰਦਾ ਹੈ ਕਿ ਆਮ ਤੌਰ 'ਤੇ ਭਗਤੀ ਕੀਤੀ ਜਾਂਦੀ ਹੈ ਅਤੇ ਘਾਲਣਾ ਪੂਰੀ ਹੋਣ 'ਤੇ ਮੁਕਤੀ ਦਾ ਦਰ ਪ੍ਰਾਪਤ ਹੋ ਜਾਂਦਾ ਹੈ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਪਿਛਲੇ ਜਨਮ ਵਿੱਚ ਭਾਰੀ ਤਪੱਸਿਆ ਕੀਤੀ ਅਤੇ ਮੁਕਤੀ ਪ੍ਰਾਪਤ ਹੋ ਗਈ। ਜਿਸ ਪਾਵਨ ਦੇਹ ਵਿੱਚ ਨਿਰੰਕਾਰ ਨੇ ਗੁਰਬਾਣੀ ਰੂਪ ਹੋ ਕੇ ਬਿਰਾਜਮਾਨ ਹੋਣਾ ਸੀ ਉਸ ਦੀ ਤਿਆਰੀ ਇਸ ਭਾਰੀ ਤਪੱਸਿਆ ਬਿਨਾ ਕਿਵੇਂ ਹੋ ਸਕਦੀ ਸੀ। ਦੂਸਰੇ ਪਾਸੇ ਪਾਪਾਂ-ਗ੍ਰਸੀ ਧਰਤੀ ਪੁਕਾਰ ਰਹੀ ਸੀ। ਅਕਾਲ ਪੁਰਖ ਨੇ ਕਿਰਪਾ ਦ੍ਰਿਸ਼ਟੀ ਕਰ ਕੇ ਜਨਮ-ਮਰਨ ਤੋਂ ਮੁਕਤ ਹੋ ਚੁੱਕੇ ਗੁਰੂ ਨਾਨਕ ਦੇਵ ਜੀ ਨੂੰ ਮਾਤ ਲੋਕ ਵਿੱਚ ਪਠਾਇਆ, ਭੇਜਿਆ।

ਸੁਣੀ ਪੁਕਾਰਿ ਦਾਤਾਰ ਪ੍ਰਭੁ
ਗੁਰੁ ਨਾਨਕ ਜਗ ਮਾਹਿ ਪਠਾਇਆ॥

(ਵਾਰ ੧ ਪ ੨੩)

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥ ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥੨॥

(ਮ.੫ ੭੪੯)

'ਜਗ ਮਾਹਿ ਪਠਾਯਾ' ਦੇ ਬਚਨ ਅਨੁਸਾਰ ਜਗਤ ਉਧਾਰਣ ਹਿਤ ਗੁਰੂ ਨਾਨਕ ਦੇਵ ਜੀ ਦਾ ਆਗਮਨ ਮਾਤ ਲੋਕ ਵਿੱਚ ਹੋਇਆ। ਇੱਥੇ ਆ ਕੇ ਸਤਿ ਗੁਰੂ ਜੀ ਨੇ ਫਿਰ ਘਾਲਣਾ ਘਾਲੀ। ਭਾਈ ਗੁਰਦਾਸ ਜੀ ਨੇ ਗਵਾਹੀ ਦਿੱਤੀ:

ਪਹਿਲਾ ਬਾਬੇ ਪਾਯਾ ਬਖਸੁ ਦਰਿ ਪਿਛੋ ਦੇ ਫਿਰਿ ਘਾਲਿ ਕਮਾਈ। ਰੇਤੁ ਅਕੁ ਆਹਾਰ ਕਰ ਰੋੜਾ ਕੀ ਗੁਰ ਕਰੀ ਵਿਛਾਈ। ਭਾਰੀ ਕਰੀ ਤਪਸਿਆ ਵਡੇ ਭਾਗੁ ਹਰਿ ਸਿਉ ਬਣਿ ਆਈ। ਬਾਬਾ ਪੈਧਾ ਸਚਖੰਡਿ ਨਉ ਨਿਧਿ ਨਾਮੁ ਗਰੀਬੀ ਪਾਈ।

ਗੁਰਮਤਿ ਦੇ ਰਹੱਸਵਾਦ ਦਾ ਇੱਕ ਗੰਭੀਰ ਨੁਕਤਾ ਵਿਚਾਰਨ ਯੋਗ ਹੈ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਬਚਨ ਹੈ:

'ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥'

(੧੪੦੮)

ਭਾਈ ਗੁਰਦਾਸ ਜੀ ਨੇ ਵੀ ਗਵਾਹੀ ਦਿੱਤੀ :

ਨਾਰਾਇਣ ਨਿਜ ਰੂਪ ਧਰਿ ਨਾਥਾ ਨਾਥ ਸਨਾਥ ਕਰਾਇਆ। ਨਰਪਤਿ ਨਰਹ ਨਰਿੰਦੁ ਹੈ ਨਿਰੰਕਾਰਿ ਆਕਾਰ ਬਣਾਇਆ॥

ਇਸ ਸਾਰੇ ਰੂਹਾਨੀ ਅਤੇ ਗ਼ੈਬੀ ਰਹੱਸਵਾਦ ਨੂੰ ਤਰਕ-ਕੁਤਰਕ ਦੇ ਘੋੜੇ 'ਤੇ ਸਵਾਰ ਹੋ ਕੇ ਨਹੀਂ ਸਮਝਿਆ ਜਾ ਸਕਦਾ। ਮਸ਼ਹੂਰ ਜੱਜ ਅਤੇ ਫਿਲਾਸਫ਼ਰ 'ਅਕਬਰ ਅਲ੍ਹਾਹਬਾਦੀ' ਨੇ ਵਿਅੰਗਮਈ ਢੰਗ ਨਾਲ਼ ਬਿਆਨ ਕੀਤਾ ਹੈ ਕਿ ਅਰਸ਼ (ਸਚਿਖੰਡ) ਨੂੰ ਇੱਕ ਬੁੱਧੀਜੀਵੀ ਮੰਨਣ ਤੋਂ ਇਨਕਾਰੀ ਸੀ ਕਿ ਇਹ ਅਰਸ਼ ਮੈਨੂੰ ਐਟਲਸ ਵਿੱਚ ਕਿਧਰੇ ਨਜ਼ਰ ਨਹੀਂ ਆਇਆ।

ਕਯੋਂ ਕਰ ਖ਼ੁਦਾ ਕੇ ਅਰਸ਼ ਕੇ ਕਾਯਲ ਹੋਂ ਯੇਹ ਅਜ਼ੀਜ਼?

ਜੁਗਰਾਫ਼ਿਯੇ ਮੇਂ ਅਰਸ਼ ਕਾ ਨਕਸ਼ਾ ਨਹੀਂ ਮਿਲਾ।

ਅਕਾਲ ਪੁਰਖ ਦੀ ਨਿਰੰਕਾਰੀ ਜੋਤਿ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਰੂਪ ਵਿੱਚ ਪ੍ਰਗਟ ਹੋਈ। ਪੁਰਾਤਨ ਸ਼ਾਸਤ੍ਰਾਂ ਵਿੱਚ ਚਾਰ ਪ੍ਰਕਾਰ ਦੀ ਬਾਣੀ ਦਾ ਜਿਕਰ ਹੈ : 'ਪਰਾ', 'ਪਸ਼ਯੰਤੀ', 'ਮੱਧਮਾ' ਅਤੇ 'ਬੈਖਰੀ'।

ਬਾਣੀ ਦੀ ਪਹਿਲੀ ਅਵਸਥਾ ਹੈ 'ਪਰਾ'। ਇਸ ਦਾ ਸਥਾਨ ਸਰੀਰ ਦੀ ਧੁੰਨੀ ਜਾਂ ਨਾਭੀ ਤੋਂ ਥੋੜਾ ਹੇਠਾ ਮੰਨਿਆ ਗਿਆ ਹੈ। ਇਸ ਅਵਸਥਾ ਵਿੱਚ ਖ਼ਿਆਲ ਅਤੇ ਵਿਚਾਰ ਵਾ-ਵਰੋਲਾ ਜਿਹਾ ਬਣਦਾ ਹੈ। ਘਲਿਆਈ ਜਿਹੀ ਪੈਂਦੀ ਹੈ। ਇੱਥੇ ਬਾਣੀ ਦੇ ਕੋਈ ਸ਼ਬਦ ਨਹੀਂ ਹੁੰਦੇ, ਕੋਈ ਵਿਆਕਰਣ ਨਹੀਂ ਹੁੰਦੀ।

ਇਸ ਤੋਂ ਅਗਲੀ ਅਵਸਥਾ 'ਪਸ਼ਯੰਤੀ' ਮੰਨੀ ਗਈ ਹੈ। ਇਸ ਵਿੱਚ ਸੀਨੇ ਦੇ ਕੋਲ ਬਾਣੀ ਦਾ ਰੂਪ ਬਣਦਾ ਹੈ।

ਉਪਰੰਤ ਇਸ ਤੋਂ ਉਤਲੀ ਅਵਸਥਾ ਹੈ 'ਮੱਧਮਾ', ਜਦੋਂ ਬਾਣੀ ਕੰਠ ਦੇ ਕੋਲ ਹੁੰਦੀ ਹੈ। ਇੱਥੇ ਲਫ਼ਜ਼ ਵੀ ਬਣ ਜਾਂਦੇ ਹਨ ਪਰ ਬਾਣੀ ਪ੍ਰਤੱਖ ਰੂਪ ਵਿੱਚ ਪ੍ਰਗਟ ਨਹੀਂ ਹੁੰਦੀ। ਜਿਵੇਂ ਕਈ ਵਾਰ ਕਈ ਕਹਿੰਦੇ ਹਨ ਕਿ ਕਹਿਣਾ ਚਾਹ ਰਿਹਾ ਹਾਂ ਪਰ ਅੱਖਰ ਨਹੀਂ ਔੜ ਰਹੇ।

ਇਸ ਤੋਂ ਅਗਲੀ ਅਤੇ ਅਖ਼ੀਰਲੀ ਅਵਸਥਾ ਹੈ 'ਬੈਖਰੀ' ਬਾਣੀ। ਇਹ ਸ਼ਬਦ ਜਦੋਂ ਬਾਣੀ ਰੂਪ ਹੋ ਕੇ ਮੂੰਹ ਵਿੱਚੋਂ ਪ੍ਰਗਟ ਹੁੰਦੇ ਹਨ ਤਾਂ ਇਸ ਨੂੰ 'ਬੈਖਰੀ ਬਾਣੀ' ਕਿਹਾ ਗਿਆ ਹੈ। ਹੁਣ ਇਹ ਸੁਣੀ, ਸਮਝੀ ਅਤੇ ਬੋਲੀ ਜਾ ਸਕਦੀ ਹੈ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪਾਵਨ ਸਰੀਰ ਵਿੱਚ ਨਿਰੰਕਾਰ ਪ੍ਰਭੂ ਨੇ ਸ਼ਬਦ ਰੂਪ ਵਿੱਚ ਪਰਾਹੋ ਕੇ ਪ੍ਰਵੇਸ਼ ਕੀਤਾ। **'ਜੋਤਿ ਰੂਪ ਹਰਿ ਆਪ ਗੁਰੂ ਨਾਨਕ ਕਹਾਇਓ।'**

ਪਸ਼ਯੰਤੀ ਅਤੇ ਮੱਧਮਾ ਰੂਪਾਂ 'ਚੋਂ ਲੰਘ ਕੇ ਬੈਖਰੀ ਰੂਪ ਵਿੱਚ ਇਹ ਨਿਰੰਕਾਰ ਰੂਪੀ ਪਾਵਨ ਸ਼ਬਦ ਗੁਰੂ ਸਾਹਿਬ ਜੀ ਦੇ ਮੁਖਾਰਬਿੰਦ ਤੋਂ ਉਚਰਿਤ ਹੋਇਆ। ਸਤਿਗੁਰ ਜੀ ਦੇ ਪਾਵਨ ਬਚਨ ਹਨ:

ਵਾਹੁ ਵਾਹੁ ਬਾਣੀ ਨਿਰੰਕਾਰ ਹੈ
ਤਿਸ ਜੇਵਡੁ ਆਵਰੁ ਨ ਕੋਇ॥

(ਮ.੩ ਪ੧੬)

ਇਹ ਨਿਰੰਕਾਰ ਹੀ ਸੀ, ਜਿਸ ਨੇ ਸ਼ਬਦ ਰੂਪ ਹੋ ਕੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਸਰੀਰ ਵਿੱਚ ਟਿਕਾਅ ਕੀਤਾ।

ਆਪਿ ਨਰਾਇਣੁ ਕਲਾ ਧਾਰਿ ਜਗ ਮਹਿ
ਪਰਵਰਿਯਉ॥ ਨਿਰੰਕਾਰ ਆਕਾਰੁ ਜੋਤਿ ਜਗ ਮੰਡਲਿ
ਕਰਿਯਉ॥

(੧੩੬੫)

ਹੁਣ ਇਹੀ ਗੁਰਬਾਣੀ ਉਚਾਰਣ ਕਰ ਕੇ ਕਿਰਪਾ ਨਿਧਾਨ ਸਤਿ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਸਿੱਖਾਂ ਦੇ ਮੂੰਹ ਵਿੱਚ ਪਾਈ। ਸ਼ਬਦ ਜਾਂ ਬਾਣੀ ਨੂੰ ਸੁਣਨ ਕਰਾਉਣ ਲਈ ਸਰੀਰ ਦੀ ਲੋੜ ਹੈ। ਇਸ ਲਈ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪਾਵਨ ਸਰੀਰ ਵਿੱਚੋਂ ਇਹ ਬਾਣੀ ਉਚਰਿਤ ਹੋਈ। ਗੁਰੂ ਜੀ ਦਾ ਸਰੀਰ ਵੀ ਗੁਰੂ ਸੀ ਅਤੇ ਮੁਖ਼ਾਰਬਿੰਦ 'ਚੋਂ ਨਿਕਲੀ ਬਾਣੀ ਵੀ ਗੁਰੂ ਸੀ। **ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਧਰੁ ਮੁਕਤਿ ਜਨਾਵੈਗੋ॥5॥** (ਮ.4 1310)। ਮੁੜ ਜਦੋਂ ਗੁਰਸਿੱਖਾਂ ਦੇ ਮੂੰਹ ਵਿੱਚੋਂ ਇਹ ਬਾਣੀ ਉਚਰਤਿ ਹੋਈ ਤਾਂ ਬਾਣੀ ਤਾਂ ਨਿਰੰਕਾਰ ਹੀ ਸੀ ਪਰ ਉਹ ਬੋਲਣ ਪੜ੍ਹਨ ਵਾਲਾ ਸਿੱਖ ਗੁਰੂ ਨਹੀਂ ਸੀ। ਜੇ ਕੋਈ ਗੁਰੂ ਦੀ ਬਾਣੀ ਪੜ੍ਹ ਕੇ ਸੁਣਾ ਕੇ ਆਪਣੇ ਆਪ ਨੂੰ ਗੁਰੂ ਅਖਵਾਉਣ ਦਾ ਕੂੜਾ ਦਾਅਵਾ ਕਰਦਾ ਹੈ ਤਾਂ ਉਹ ਵੱਡਾ ਨੌਸਰਬਾਜ ਅਤੇ ਪਖੰਡੀ ਹੈ।

ਸਤਿਗੁਰੂ ਜੀ ਨੇ ਇਹ ਬਾਣੀ ਕਿਸ ਰੂਪ ਵਿੱਚ ਸਿੱਖਾਂ ਨੂੰ ਦਿੱਤੀ, ਉਸ ਬਾਰੇ ਵਿਚਾਰ ਜ਼ਰੂਰੀ ਹੈ। ਪੁਰਾਤਨ ਭਾਰਤੀ ਸੰਸਕ੍ਰਿਤੀ ਵਿੱਚ ਕਿਹਾ ਗਿਆ ਸੀ ਗੁਰੋ: ਪਾਦੋਦਕਂ ਪੀਤਵਾ ਗੁਰੋਰੁਛਿਸ਼ਟਭੋਜਨਮ (ਸ੍ਰੀ ਗੁਰੂ ਗੀਤਾ) ਯਾਨਿ ਕਿ ਗੁਰੂ ਦੇ ਮੂੰਹ ਚੋਂ ਨਿਕਲੇ ਉਛਿੱਸ਼ਟ ਕੀਤੇ ਜੂਠੇ ਭੋਜਨ ਨੂੰ ਖਾਣਾ ਚਾਹੀਦਾ ਹੈ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਇਸ ਗੁਰੋਰੁਛਿਸ਼ਟਭੋਜਨਮਦੇ ਆਯਾਮ ਅਤੇ ਅਰਥ ਹੀ ਬਦਲ ਦਿੱਤੇ। ਸਤਿਗੁਰੂ ਜੀ ਨੇ ਵੀ ਗੁਰਸਿੱਖਾਂ ਨੂੰ ਉਛਿੱਸ਼ਟ ਭੋਜਨ ਦਿੱਤਾ। ਪਰ ਉਹ ਭੋਜਨ ਕੈਸਾ ਸੀ। ਸਤਿਗਰਾਂ ਨੇ ਨਾਮ ਰੂਪੀ ਅਗੰਮੀ ਇਲਾਹੀ ਭੋਜਨ ਆਪਣੇ ਮੂੰਹ 'ਚੋਂ ਕਢ ਕੇ **ਗੁਰ ਮਿਤਾ ਪੁਤਾ ਭਾਈਆ॥** (648) ਦੇ ਮੂੰਹ ਵਿੱਚ ਪਾਇਆ। ਸਾਖ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ :

ਤੁਮ ਵਡ ਪੁਰਖ ਦੀਨ ਦੁਖ ਭੰਜਨ
ਹਰਿ ਦੀਓ ਨਾਮੁ ਮੁਖੇ॥੧॥

(ਮ.੪ ੯੭੬)

ਵਡਭਾਗੀ ਹਰਿ ਸੰਤੁ ਮਿਲਾਇਆ॥
ਗੁਰਿ ਪੂਰੈ ਹਰਿ ਰਸੁ ਮੁਖਿ ਪਾਇਆ॥

(ਮ.੪ ੯੫)

ਸਤਿਗੁਰੂ ਜੀ ਵੱਲੋਂ ਗੁਰਬਾਣੀ ਰੂਪੀ ਉਛਿੱਸ਼ਟ ਭੋਜਨ ਨੂੰ ਸਮਝਣ ਲਈ ਇੱਕ ਪੰਛੀ ਅਤੇ ਬੋਟ ਵੱਲ ਝਾਤ ਮਾਰਨੀ ਜ਼ਰੂਰੀ ਹੈ। ਬੋਟ, ਪੰਛੀ ਦਾ ਉਹ ਨਵਜਾਤ ਸ਼ਿਸ਼ੂ ਹੁੰਦਾ ਹੈ ਜਿਸ ਦੇ ਹਾਲੇ ਪੰਖ ਵੀ ਨਹੀਂ ਨਿਕਲੇ। ਉਹ ਨਿਰਾ ਮਾਸ ਦਾ ਇੱਕ ਲੋਥੜਾ ਹੁੰਦਾ ਹੈ ਅਤੇ ਕੁਝ ਵੀ ਨਹੀਂ ਕਰ ਸਕਦਾ। ਉਸ ਬੋਟ ਦੀ ਮਾਂ ਆਪਣੇ ਮੂੰਹ ਵਿੱਚੋਂ ਭੋਜਨ ਦਾ ਟੁੱਕੜਾ ਉਸ ਬੋਟ ਦੇ ਮੂੰਹ ਵਿੱਚ ਪਾਂਦੀ ਹੈ। ਸਿੱਖ ਅਤੇ ਗੁਰੂ ਦਾ ਵੀ ਇਹੀ ਰਿਸ਼ਤਾ ਹੈ। ਸਾਡੀ ਅਵਸਥਾ ਵੀ **ਅੰਧ ਗੁੰਗ ਪਿੰਗੁਲ ਮਤਿ ਹੀਨਾ ਪ੍ਰਭ ਰਾਖਹੁ ਰਾਖਨਹਾਰਾ॥** (ਮ.5 530) ਵਰਗੀ ਹੈ। ਇਸ ਲਈ ਸਤਿਗੁਰੂ ਜੀ ਨੇ ਕਿਰਪਾ ਕਰ ਕੇ ਨਾਮ-ਰੂਪੀ ਭੋਜਨ ਸਿੱਖਾਂ ਦੇ ਮੂੰਹ ਵਿੱਚ ਪਾਇਆ।

ਮੇਰਾ ਬੈਦੁ ਗੁਰੂ ਗੋਵਿੰਦਾ॥
ਹਰਿ ਹਰਿ ਨਾਮੁ ਅਉਖਧੁ ਮੁਖਿ ਦੇਵੈ
ਕਾਟੈ ਜਮ ਕੀ ਫੰਧਾ॥੧॥

(ਮ. ੫ ੬੧੮)

ਗੁਰਬਾਣੀ ਰੂਪੀ ਇਹ ਭੋਜਨ ਗੁਰੂ ਸਾਹਿਬ ਨੇ ਸਿੱਖਾਂ ਦੇ ਮੂੰਹ ਵਿੱਚ ਪਾਇਆ। ਹੁਣ ਸਿੱਖ ਲਈ 'ਉਛਿਸ਼ਟ ਭੋਜਨ' ਕੇਵਲ ਗੁਰੂ ਦੀ ਬਾਣੀ ਹੈ, ਕਿਸੇ ਸਾਧ-ਸੰਤ ਦਾ 'ਜੂਠਾ ਭੋਜਨ' ਜਾਂ 'ਸੀਤ ਪ੍ਰਸ਼ਾਦ' ਨਹੀਂ।

'ਸਿੱਖਾਂ ਦੀ ਭਗਤਮਾਲਾ' ਵਿੱਚ ਅੰਕਤ ਹੈ ਕਿ "ਸਿੱਖਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਬੇਨਤੀ ਕੀਤੀ ਕਿ ਗਰੀਬ ਨਿਵਾਜ ਅਸਾਨੂੰ ਆਪਣਿਆ ਚਰਨਾਂ ਦੀ ਸਰਨੀਂ ਰਖੀਏ। ਸਤਿਗੁਰੂ ਸੱਚੇ ਪਾਤਸ਼ਾਹ ਨੇ ਜਵਾਬ ਦਿੱਤਾ, ਸਰੀਰ ਨਾਲਿ ਮਿਲੋਗੇ ਤਾਂ ਫੇਰਿ ਭੀ ਵਿਛੜੋਗੇ ਤੇ ਜੇ ਸਬਦ ਨਾਲ਼ ਮਿਲੋਗੋ ਤਾਂ ਵਿਛੜੋਗੇ ਨਹੀਂ॥3॥"

ਸੋ ਸਦੀਵ ਕਾਲ ਸਦ ਜੀਵਨ ਰਹਿਣ ਲਈ ਗੁਰਸਿੱਖ ਇਹ ਭੋਜਨ ਪ੍ਰਾਪਤ ਕਰਦੇ ਰਹਿਣਗੇ।

ਪਾਵਨ ਗੁਰਬਾਣੀ ਨੇ ਇੱਕ ਹੋਰ ਅਦਭੁਤ ਹਵਾਲਾ 'ਚਾਤਕ' ਜਾਂ 'ਚਾਤ੍ਰਿਕ' ਦਾ ਦਿੱਤਾ ਹੈ। ਇਹ ਪੰਛੀ ਸਿਵਾਏ ਸ੍ਵਾਤਬੂੰਦ ਦੇ ਆਪਣੇ ਮੂੰਹ ਵਿੱਚ ਪਾਣੀ ਦਾ ਹੋਰ ਕੋਈ ਤੁਪਕਾ ਨਹੀਂ ਪਾਂਦਾ। ਗੁਰੂ ਸਾਹਿਬ ਨੇ ਵੀ ਸਿੱਖ ਦੀ ਬਿਰਤੀ ਦੀ ਉਪਮਾ ਚਾਤ੍ਰਕ ਨਾਲ਼ ਦਿੱਤੀ ਹੈ ਕਿ ਸਤਿਗੁਰੂ ਨੇ ਖੁਦ ਹਰਿ ਜਸ ਨਾਮ ਦੀ ਬੂੰਦ ਇਸ ਦੇ ਮੂੰਹ ਵਿੱਚ ਪਾਈ ਹੈ। ਹੁਣ ਸਿੱਖ ਦੀ ਪਿਆਸ ਕੇਵਲ ਗੁਰਬਾਣੀ ਨਾਲ਼ ਹੀ ਮਿਟ ਸਕਦੀ ਹੈ। ਇਹ ਕਿਧਰੇ ਹੋਰ ਜਾਣਾ ਤਾਂ ਕੀ, ਜਾਣ ਬਾਰੇ ਵੀ ਸੋਚ ਹੀ ਨਹੀਂ ਸਕਦਾ।

ਹਰਿ ਹਰਿ ਬੂੰਦ ਭਏ ਹਰਿ ਸੁਆਮੀ
ਹਮ ਚਾਤ੍ਰਿਕ ਬਿਲਲ ਬਿਲਲਾਤੀ॥
ਹਰਿ ਹਰਿ ਕ੍ਰਿਪਾ ਕਰਹੁ ਪ੍ਰਭ ਅਪਨੀ
ਮੁਖਿ ਦੇਵਹੁ ਹਰਿ ਨਿਮਖਾਤੀ॥੧॥

(ਮ. ੪ ੬੬੮)

ਜੋਤਿ ਅਤੇ ਜੁਗਤਿ ਦੀ ਇਹ ਅਜਬ ਖੇਡ ਸੀ ਕਿ ਨਿਰੰਕਾਰ ਨੇ ਤਰੁੱਠ ਕੇ ਆਪਣੀ ਜੋਤਿ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਰੀਰ ਵਿੱਚ ਸਥਾਪਤ ਕੀਤੀ। ਇਸ ਤੋਂ ਬਾਅਦ ਇਸ ਜੋਤਿ ਦਾ ਅਗਲਾ ਸਫ਼ਰ ਪ੍ਰਾਰੰਭ ਹੁੰਦਾ ਹੈ। ਆਮ ਤੌਰ 'ਤੇ ਕਿਸੇ ਵਿਅਕਤੀ ਦੇ ਚਲਾਣਾ ਕਰ ਜਾਣ ਦੇ ਬਾਅਦ ਉਸ ਦੀ ਜਾਇਦਾਦ ਵਗੈਰਾ ਉਸ ਦੇ ਵਾਰਸਾਂ ਨੂੰ ਮਿਲ ਜਾਂਦੀ ਹੈ। ਪਰ ਗੁਰੂ ਘਰ ਵਿੱਚ ਰਹੱਸਵਾਦ ਦਾ ਅਜਬ ਲਿਸ਼ਕਾਰਾ ਹੋਇਆ। ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਹੀ ਆਪਣੀ ਹਯਾਤੀ ਵਿੱਚ, ਆਪਣੇ ਜੀਵਨ ਕਾਲ ਵਿੱਚ ਹੀ ਨਿਰੰਕਾਰ ਦੀ ਉਹ ਜੋਤਿ ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਰੀਰ ਵਿੱਚ ਸਥਾਪਤ ਕਰ ਦਿੱਤੀ। ਗੁਰਿਆਈ ਦੇ ਸਿੰਘਾਸਨ 'ਤੇ ਗੁਰੂ ਅੰਗਦ ਦੇਵ ਜੀ ਨੂੰ ਬਿਠਾ ਕੇ ਆਪ ਸੰਗਤ ਵਿੱਚ ਬਿਰਾਜਮਾਨ ਹੋਏ। ਫਿਰ ਗੁਰੂ ਅਮਰਦਾਸ ਜੀ ਦੇ ਬਾਅਦ ਇਹੀ ਨਿਰੰਕਾਰੀ ਜੋਤਿ ਗੁਰੂ ਰਾਮਦਾਸ ਜੀ ਮਹਾਰਾਜ ਨੇ ਗੁਰੂ ਅਰਜਨ ਦੇਵ ਜੀ ਦੇ ਸਰੀਰ ਵਿੱਚ ਸਥਾਪਤ ਕੀਤੀ।

ਰਾਮਦਾਸਿ ਗੁਰੂ ਜਗ ਤਾਰਨ ਕਉ
ਗੁਰ ਜੋਤਿ ਅਰਜੁਨ ਮਾਹਿ ਧਰੀ॥੪॥

(੧੪੦੯)

ਜਗਦਾ ਦੀਵਾ ਹੀ ਦੂਸਰਾ ਦੀਵਾ ਜਗਾ ਸਕਦਾ ਹੈ। ਜੇਕਰ ਸਰੀਰ ਜੋਤੀ ਜੋਤਿ ਸਮਾ ਜਾਏ ਤਾਂ ਫਿਰ ਇਹ ਜੋਤਿ ਕਿਧਰੇ ਹੋਰ ਨਹੀਂ ਟਿਕਾਈ ਜਾ ਸਕਦੀ।

ਇਸ ਤਰ੍ਹਾਂ ਇਹ ਸਿਲਸਿਲਾ ਚਲਦਾ ਰਿਹਾ ਤੇ ਅਖੀਰ ਇਹ ਜੋਤਿ ਗੁਰੂ ਗੋਬਿੰਦ ਸਿੰਘ ਜੀ ਤਕ ਪਹੁੰਚੀ। ਪਾਵਨ ਗੁਰਵਾਕ ਹੈ

ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ
ਪਲਟੀਐ॥

(੯੩੭)

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥
ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ॥
ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੂ ਥਿਰੁ
ਕੀਅਉ॥ ਅਮਰਦਾਸਿ ਅਮਰਤੁ ਛਤ੍ਰੁ ਗੁਰ ਰਾਮਹਿ
ਦੀਅਉ॥ ਗੁਰ ਰਾਮਦਾਸ ਦਰਸਨੁ ਪਰਸਿ ਕਹਿ
ਮਥੁਰਾ ਅੰਮ੍ਰਿਤ ਬਯਣ॥ ਮੂਰਤਿ ਪੰਚ ਪ੍ਰਮਾਣ ਪੁਰਖੁ
ਗੁਰੁ ਅਰਜੁਨੁ ਪਿਖਹੁ ਨਯਣ॥1॥

(ਸਵਈਏ ਮ. ਪੰਜਵੇ ਕੇ ੧੪੦੯)

ਇਸ ਸਿਲਸਿਲੇ ਨੂੰ ਭਾਈ ਗੁਰਦਾਸ ਜੀ ਵੀ ਅੰਕਤ ਕਰਦੇ ਹਨ:

ਥਾਪਿਆ ਲਹਿਣਾ ਜੀਵਦੇ ਗੁਰਿਆਈ ਸਿਰਿ ਛਤ੍ਰ ਫਿਰਾਇਆ। ਜੋਤੀ ਜੋਤਿ ਮਿਲਾਇ ਕੈ ਸਤਿਗੁਰ ਨਾਨਕ ਰੂਪ ਵਟਾਇਆ॥

(ਵਾਰ ੧, ਪ. ੪੫)

ਇਸ ਤੋਂ ਨਿਰਸੰਦੇਹ ਤੌਰ 'ਤੇ ਪ੍ਰਕਟ ਹੈ ਕਿ ਜਿਹੜੀ ਨਿਰੰਕਾਰ ਦੀ ਜੋਤਿ ਗੁਰੂ ਨਾਨਕ ਦੇਵ ਜੀ ਦੇ ਸਰੀਰ ਵਿੱਚ ਪਰਾ-ਰੂਪ ਵਿੱਚ ਸਥਾਪਤ ਹੋਈ ਸੀ, ਓਹੀ ਜੋਤਿ ਸਫ਼ਰ ਕਰਦਿਆਂ ਹੋਇਆਂ ਗੁਰੂ ਗੋਬਿੰਦ ਸਿੰਘ ਜੀ ਤਕ ਪਹੁੰਚੀ। ਕਲਗ਼ੀਧਰ ਪਿਤਾ ਹਜ਼ੂਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਵੀ ਇਸ ਦੀ ਪੁਸ਼ਟੀ ਕੀਤੀ:

ਸ੍ਰੀ ਨਾਨਕ ਅੰਗਦਿ ਕਰਿ ਮਾਨਾ॥
ਅਮਰ ਦਾਸ ਅੰਗਦ ਪਹਿਚਾਨਾ॥
ਅਮਰ ਦਾਸ ਰਾਮਦਾਸ ਕਹਾਯੋ॥
ਸਾਧਨ ਲਖਾ ਮੂੜ ਨਹਿ ਪਾਯੋ॥੯॥
ਭਿੰਨ ਭਿੰਨ ਸਭਹੂੰ ਕਰਿ ਜਾਨਾ॥
ਏਕ ਰੂਪ ਕਿਨਹੂੰ ਪਹਿਚਾਨਾ॥
ਜਿਨ ਜਾਨਾ ਤਿਨ ਹੀ ਸਿਧਿ ਪਾਈ॥
ਬਿਨੁ ਸਮਝੇ ਸਿਧਿ ਹਾਥਿ ਨ ਆਈ॥

ਇਸ ਦੇ ਨਾਲ਼ ਹੀ ਇੱਕ ਨੁਕਤਾ ਹੋਰ ਵਿਚਾਰ ਯੋਗ ਹੈ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਥਾਂ-ਥਾਂ 'ਤੇ ਸੰਗਤਾਂ ਕਾਇਮ ਕੀਤੀਆਂ। ਜਿਵੇਂ ਛੋਟੀ ਸੰਗਤ, ਬੜੀ ਸੰਗਤ, ਕੱਚੀ ਸੰਗਤ, ਪੱਕੀ ਸੰਗਤ ਆਦਿ ਆਦਿ। ਇਹਨਾਂ ਸੰਗਤਾਂ ਨੂੰ ਮਰਕਜ਼ ਨਾਲ਼ ਜੋੜੀ ਰੱਖਣ ਲਈ ਗੁਰੂ ਅਮਰਦਾਸ ਜੀ ਨੇ ਮੰਜੀਆਂ ਸਥਾਪਤ ਕੀਤੀਆਂ। ਗੁਰੂ ਤੇਗ ਬਹਾਦੁਰ ਜੀ ਨੇ ਇਹਨਾਂ ਸੰਗਤਾਂ ਅਤੇ ਗੁਰ ਨਾਨਕ ਦੇਵ ਜੀ ਦੇ ਸਥਾਨਾਂ ਦਾ ਮੁੜ ਦੌਰਾ ਕਰ ਕੇ ਇਹਨਾਂ ਨੂੰ ਨਿਵਾਜਿਆ। ਹੁਣ ਇਸ ਸੰਗਤ ਵਿੱਚ ਇੱਕ ਵੱਡੀ ਤਬਦੀਲੀ ਦਾ ਸਮਾਂ ਆ ਗਿਆ। ਇਹ ਰਹੱਸਵਾਦ ਦਾ ਸਿਖ਼ਰ ਹੈ ਜਦੋਂ ਸਤਿਗੁਰ ਸੱਚੇ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ 'ਗੁਰ ਸੰਗਤ ਕੀਨੀ ਖ਼ਾਲਸਾ' ਮੁਤਾਬਕ ਜੁਗਤ ਖ਼ਾਲਸਾ ਪੰਥ ਵਿੱਚ ਸਥਾਪਤ ਕਰ ਦਿੱਤੀ ਅਤੇ ਨਿਰੰਕਾਰ ਰੂਪੀ ਜੋਤਿ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸਦੀਵ ਕਾਲ ਲਈ ਟਿਕਾ ਦਿੱਤੀ।

ਸੰਗਤ ਅਪਨੀ ਸਗਲ ਉਧਾਰਨ॥
ਗੁਰੂ ਗ੍ਰੰਥ ਗੁਰ ਕੀਨ ਉਚਾਰਨ॥

(ਗੁ.ਪ੍ਰ. ਸੂ. ਗ੍ਰੰ. ਰੁਤ ੨ ਅੰ ੩੦)

ਇਸ ਤਰ੍ਹਾਂ ਜੋਤਿ ਅਤੇ ਜੁਗਤਿ ਦਾ ਸਫ਼ਰ ਜੋ ਗੁਰੂ ਨਾਨਕ ਦੇਵ ਜੀ ਨੇ ਅਰੰਭਿਆ ਸੀ ਉਹ ਗੁਰੂ ਗ੍ਰੰਥ-ਗੁਰੂ ਪੰਥ ਦੇ ਰੂਪ ਵਿੱਚ ਜੁੱਗੋ-ਜੁੱਗ ਅਟੱਲ ਲਈ ਸਥਾਪਤ ਹੋ ਗਿਆ। ਗੁਰੂ ਗ੍ਰੰਥ ਸਾਹਿਬ ਜੀ ਦਸਾਂ ਪਾਤਸ਼ਾਹੀਆਂ ਦੀ ਜੋਤਿ ਰੂਪ ਪ੍ਰਗਟ ਹੋ ਗਿਆ। ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਜਦੋਂ ਪਾਕ-ਪਟਨ ਵਿੱਚ ਸ਼ੇਖ ਬ੍ਰਹਮ ਨਾਲ਼ ਗੋਸ਼ਟਿ ਹੋਈ ਤਾਂ ਉਸ ਨੇ ਸਾਹਿਬਾਂ ਨੂੰ ਪੁੱਛਿਆ ਕਿ ਉਹ ਕਿਹੜੀ ਚੀਜ਼ ਹੈ ਜੋ ਖ਼ੁਦਾ ਵੀ ਪੈਦਾ ਕਰਨਾ ਚਾਹੇ ਤਾਂ ਨਾ ਕਰ ਸਕੇ :

ਆਂ ਕੁਦਾਮ ਸੈਂ ਅਸਤ ਕਿ ਖੁਦ ਖੁਦਾ।
ਖਾਹਦ ਵਲੇ ਪੈਦਾ ਨਮੇ ਸ਼ਵਦ॥

ਸਤਿਗੁਰੂ ਜੀ ਨੇ ਮੁਸਕੁਰਾ ਕੇ ਕਿਹਾ ਕਿ ਜੇਕਰ ਰੱਬ ਵੀ ਚਾਹੇ ਇੱਕ ਰੱਬ ਹੋਰ ਬਣਾ ਲਵੇ ਤਾਂ ਨਹੀਂ ਬਣਾ ਸਕਦਾ:

ਆਂ ਖੁਦਾ ਅਸਤ ਕਿ ਅਗਰ ਖੁਦ ਖੁਦਾ
ਖਾਹਦਖੁਦਾਇ ਦੀਗਰ ਪੈਦਾ ਨਮੇ ਸ਼ਵਦ॥

ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ ਹਰ ਗੁਰੂ ਸਾਹਿਬ ਨੇ ਆਪਣੇ ਜੀਵਨ ਕਾਲ ਵਿੱਚ ਹੀ, ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਹੀ ਇਹ ਨਿਰੰਕਾਰ ਦੀ ਜੋਤਿ ਅਗਲੇ ਗੁਰ ਸਰੀਰ ਵਿੱਚ ਟਿਕਾਈ। ਇਸ ਤਰ੍ਹਾਂ ਜਦੋਂ ਇਹ ਨਿਰੰਕਾਰ ਦੀ ਜੋਤਿ ਜੋ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਸਰੀਰ ਵਿੱਚ ਟਿਕਾਈ ਗਈ ਸੀ ਹੁਣ ਗੁਰੂ ਗੋਬਿੰਦ ਸਿੰਘ ਜੀ ਪਾਸ ਪਹੁੰਚੀ। ਮੈਂ ਹੀ ਨਾਨਕ ਹਾਂ। ਮੈਂ ਹੀ ਗੋਬਿੰਦ ਸਿੰਘ ਹਾਂ। ਮੈਂ ਹੀ ਸ਼ਬਦ ਹਾਂ। ਇਸ ਵਿੱਚ ਹੀ ਸਾਰੇ ਮਾਣਕ-ਮੋਤੀ ਹਨ।

ਹਮੂ ਗੁਰੂ ਗੋਬਿੰਦ ਸਿੰਘ ਹਮੂ ਨਾਨਕ ਅਸਤ॥
ਹਮਾ ਸ਼ਬਦਿ ਊ ਜੌਹਰੋ ਮਾਨਕ ਅਸਤ ॥੨੯॥

(ਜੋਤਿ ਵਿਗਾਸ)

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਕਾਲ ਵਿੱਚ ਹੀ ਜੋਤਿ ਗੁਰੂ ਗ੍ਰੰਥ ਸਾਹਿਬ ਵਿੱਚ ਸਥਾਪਤ ਕਰ ਦਿੱਤੀ। ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾ ਜਾਣ ਦੇ ਬਾਅਦ ਕੋਈ ਇਹ ਕੂੜਾ ਦਾਅਵਾ ਕਰੇ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਉਹ ਗੁਰਿਆਈ ਦੀ ਜੋਤਿ ਕਿਸੇ ਵਿਅਕਤੀ ਵਿੱਚ ਟਿਕਾਈ ਹੈ ਤਾਂ ਨਿਸਚਤ ਤੌਰ 'ਤੇ ਇਸ ਤੋਂ ਵੱਡਾ ਕੁਫ਼ਰ ਅਤੇ ਝੂਠ ਹੋ ਹੀ ਨਹੀਂ ਸਕਦਾ ਅਤੇ ਇਸ ਤੋਂ ਵੱਡਾ ਹਮਲਾ ਗੁਰੂ ਪੰਥ 'ਤੇ ਹੋ ਨਹੀਂ ਸਕਦਾ।

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਤੱਖ ਨਿਰੰਕਾਰ ਦਸਾਂ ਪਾਤਸ਼ਾਹੀਆਂ ਦੀ ਜੋਤਿ ਹੈ। ਪਰ ਹਾਡ-ਮਾਸ ਦਾ ਸਰੀਰ ਨਹੀਂ ਹੈ। ਇਸ ਲਈ ਜਿਵੇਂ ਰੱਬ ਚਾਹ ਕੇ ਵੀ ਦੂਸਰਾ ਰੱਬ ਨਹੀਂ ਬਣਾ ਸਕਦਾ, ਇਸੇ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਜੀ ਵੀ ਗੁਰਿਆਈ ਦੀ ਜੋਤਿ ਵੀ ਕਿਧਰੇ ਹੋਰ ਸਥਾਪਤ ਨਹੀਂ ਹੋ ਸਕਦੀ। ਇਸ ਲਈ ਇਹ ਗੁਰੂ ਜੁੱਗੋ ਜੁੱਗ ਅਟੱਲ ਹੋ ਗਿਆ। ਗੁਰੂ ਗ੍ਰੰਥ ਸਾਹਿਬ ਜੀ ਵਿੱਚ ਓਹੀ ਜੋਤਿ ਦਾ ਪ੍ਰਕਾਸ਼ ਹੈ, ਜੋ ਗੁਰੂ ਨਾਨਕ ਦੇਵ ਜੀ ਦੇ ਪਾਵਨ ਗੁਰੂ ਸਰੀਰ ਵਿੱਚ ਪਰਾ-ਰੂਪ ਵਿੱਚ ਪ੍ਰਗਟ ਹੋਈ ਸੀ। ਇਹ ਜੋਤਿ ਦਸਾਂ ਗੁਰੂ ਜਾਮਿਆਂ ਵਿੱਚੋਂ ਹੁੰਦੀ ਹੋਈ ਗੁਰੂ ਗ੍ਰੰਥ ਸਾਹਿਬ ਵਿੱਚ ਸਦੀਵ ਕਾਲ ਲਈ ਟਿਕ ਗਈ। ਇਹ ਜੋਤਿ ਕਿਧਰੇ ਹੋਰ ਨਹੀਂ ਗਈ। ਇਸ ਲਈ ਸਿੱਖ ਲਈ ਗੁਰੂ ਸਰੀਰ ਵੀ ਗੁਰੂ ਨਾਨਕ ਦੇਵ ਜੀ ਤੋਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਹੀ ਹਨ। ਇਸ ਤੋਂ ਲਿਾਵਾ ਕਿਸੇ ਹੋਰ ਨੂੰ ਗੁਰੂ ਨਹੀਂ ਕਿਹਾ ਜਾ ਸਕਦਾ।

ਸਤਿਗੁਰੂ ਜੀ ਦੇ ਪ੍ਰਕਾਸ਼ ਨੇ 'ਧੁੰਧ ਮਿਟਾ' ਕੇ ਜਗ ਰੁਸ਼ਨਾਇਆ। ਭਰਮ-ਵਹਿਮ-ਪਖੰਡ ਦੇ ਹਨੇਰੇ ਨੂੰ ਆਪ ਨੇ 'ਗਿਆਨ ਖੜਗ' ਦੀ ਆਂਧੀ ਨਾਲ਼ ਹੂੰਝ ਦਿੱਤਾ। ਪਾਂਡੇ, ਮੌਲਵੀ, ਜੋਤਸ਼ੀ, ਸਿੱਧ, ਜੋਗੀ, ਠੱਗ, ਚੋਰ, ਰਾਜੇ, ਸ਼ਾਹ, ਅਮੀਰੜੇ, ਪੜ੍ਹੇ-ਅਨਪੜ੍ਹੇ, ਹਿੰਦੂ, ਮੁਸਲਮਾਨ, ਸਾਧਕ, ਸਰੇਵੜੇ, ਮੰਤਕੀ, ਆਪ ਦੀ ਨਦਰੀ ਨਦਰਿ ਨਿਹਾਲ ਹੋ ਗਏ।

ਆਦਿ ਨਿਰੰਜਨ ਹੈ ਗੁਰੁ ਨਾਨਕ ਧਾਰ ਕੇ ਮੂਰਤ ਹੈ ਜਗ ਆਇਓ॥ ਲੋਕ ਸੁਣਿਓ ਪਰਲੋਕ ਸੁਣਿਓ ਬਿਧਿ ਲੋਕ ਸੁਣਿਓ ਸਭ ਦਰਸਨ ਪਾਇਓ॥ ਸੰਗਤ ਪਾਰ ਉਤਾਰਨ ਕਉ ਗੁਰੂ ਨਾਨਕ ਸਾਹਿਬ ਪੰਥ ਚਲਾਇਓ॥ ਵਾਹਿਗੁਰੂ ਗੁਰੂ ਨਾਨਕ ਸਾਹਿਬ ਧਾਰ ਕੇ ਮੂਰਤਿ ਹੈ ਜਗ ਆਇਓ॥

(ਦਰਬਾਰੀ ਦਾਸ ਸੋਢੀ)

ਸਤਿਗੁਰ ਸੱਚੇ ਪਾਤਸ਼ਾਹ ਨੇ ਦੇਵ ਭਾਸ਼ਾ ਤੇ ਮਲੇਛ ਬੋਲੀ ਦਾ ਭੇਦ, ਪੁੰਨ ਭੂਮੀ ਤੇ ਮਲੇਛ ਦੇਸ਼ ਦੀਆਂ ਮਸਨੂਈ (ਬਨਾਵਟੀ) ਹੱਦਾਂ, ਨੀਚ ਕੁਲ ਅਤੇ ਉੱਤਮ ਜਾਤੀ ਦੇ ਗਰਬ ਦੇ ਗੜ੍ਹ ਤੋੜ ਕੇ ਆਪ ਨੇ 'ਕਰਮੀ ਆਪੋ ਆਪਣੀ' ਦੇ ਰਾਹੀਂ ਸਾਰੀ ਮਾਨਵਤਾ ਵਿੱਚ ਉਸ ਕਰਤਾਰ ਦੀ ਜੋਤਿ ਦਾ ਦਰਸ਼ਨ ਕਰਵਾ ਦਿੱਤਾ।

ਹਨ੍ਹੇਰੇ ਨੂੰ ਚਾਨਣ, ਝੂਠ ਨੂੰ ਸੱਚ, ਜ਼ੁਲਮ ਨੂੰ ਇਨਸਾਫ਼, ਅਵਗੁਣ ਨੂੰ ਗੁਣ, ਅਗਿਆਨਤਾ ਨੂੰ ਗਿਆਨ, ਗਿਰਾਵਟ ਨੂੰ ਸ੍ਰੇਸ਼ਟਤਾ ਕਦੋਂ ਰਾਸ ਆਈ ਹੈ। ਆਪ ਜੀ ਨੂੰ ਕੁਰਾਹੀਆ, ਭੂਤਨਾ, ਬੇਤਾਲਾ, ਵਿਚਾਰਾ, ਕਹਿ ਕੇ ਹੀ ਨਹੀਂ ਪੁਕਾਰਿਆ ਗਿਆ ਬਲਕਿ ਬੰਦੀਖ਼ਾਨੇ ਵੀ ਪਾਇਆ ਗਿਆ।

ਜਨਮ-ਮਰਨ ਰਹਿਤ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜਗਤ ਉਧਾਰਣ ਲਈ ਸੰਸਾਰ ਵਿੱਚ ਆਏ ਸਨ। ਉਹਨਾਂ ਦੇ ਜੀਵਨ ਦੀ ਇੱਕ ਵਚਿੱਤ੍ਰ ਬਿਰਤੀ ਨਜ਼ਰ ਆਂਦੀ ਹੈ ਕਿ ਉਹ ਖ਼ੁਦ ਜਾ ਜਾ ਕੇ ਪਾਪੀਆਂ, ਦੁਸ਼ਟਾਂ, ਚੋਰਾਂ, ਠੱਗਾ, ਤਸਕਰਾਂ, ਪਖੰਡੀਆਂ ਨੂੰ ਲੱਭ ਲੱਭ ਕੇ ਤਾਰਦੇ ਸਨ। ਇਸ ਮਕਸਦ ਲਈ ਉਹਨਾਂ ਨੂੰ ਕੁਰਾਹੀਆ, ਭੂਤਨਾ, ਬੇਤਾਲਾ, ਵਿਚਾਰਾ ਆਦਿ ਕੀ ਕੀ ਨਹੀਂ ਕਿਹਾ। ਹਜ਼ੂਰ ਨੇ ਮਾਰੂ ਰਾਗ ਵਿੱਚ ਖ਼ੁਦ ਇਸ ਗੱਲ ਦਾ ਵਰਣਨ ਕੀਤਾ ਹੈ।

ਕੋਈ ਆਖੈ ਭੂਤਨਾ ਕਹੈ ਬੇਤਾਲਾ॥
ਕੋਈ ਆਖੈ ਆਦਮੀ ਨਾਨਕੁ ਵੇਚਾਰਾ॥੧॥

ਪਰ ਇਸ ਸਾਰੇ ਤੋਂ ਅਣਭਿੱਜ ਸਤਿਗੁਰੂ ਜੀ ਨੇ ਆਪਣੀ ਜਾਣ-ਪਛਾਣ ਕਰਾ ਦਿੱਤੀ ਕਿ ਮੈਂ ਕੌਣ ਹਾਂ। ਉਹਨਾਂ ਨੇ ਬਚਨ ਕੀਤੇ ਨਾ ਮੈਂ ਭੂਤਨਾ ਹਾਂ, ਨਾ ਮੈਂ ਬੇਤਾਲਾ ਹਾਂ ਅਤੇ ਨਾ ਹੀ ਵੇਚਾਰਾ ਹਾਂ। ਮੈਂ ਤਾਂ ਉਸ ਮਾਲਕ ਦਾ ਦਿਵਾਨਾ ਹਾਂ ਅਤੇ ਮੇਰੀ ਦਿਵਾਨਗੀ ਬਉਰਾਨਗੀ ਤਕ ਪੁਹੰਚ ਗਈ ਹੈ। ਹੁਣ ਮੈਂ ਕਿਸੇ ਹੋਰ ਨੂੰ ਪਛਾਣਦਾ ਵੀ ਨਹੀਂ।

ਭਇਆ ਦਿਵਾਨਾ ਸਾਹ ਕਾ ਨਾਨਕੁ ਬਉਰਾਨਾ॥
ਹਉ ਹਰਿ ਬਿਨੁ ਅਵਰੁ ਨ ਜਾਨਾ ॥੧॥ ਰਹਾਉ॥

ਗੁਰੂ ਗੋਬਿੰਦ ਸਿੰਘ ਜੀ ਨੇ ਵੀ ਤਾਂ ਇਹੀ ਬਚਨ ਕੀਤੇ ਸਨ:

ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀ ਆਨਯੋ॥ ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨ ਮਾਨਯੋ॥

ਮੁਲਤਾਨ ਦੇ ਪੀਰ ਨੇ ਆਪ ਦੇ ਸਾਹਮਣੇ ਭਰਿਆ ਦੁੱਧ ਦਾ ਕਟੋਰਾ ਰੱਖ ਕੇ ਸੁਨੇਹਾ ਦਿੱਤਾ ਕਿ ਆਪ ਲਈ ਇੱਥੇ ਕੋਈ ਥਾਂ ਨਹੀਂ। ਆਪ ਦੀ ਉਮੱਤ ਆਪ ਦੇ ਨਾਮ-ਲੇਵਾ ਨਾਲ਼ ਵੀ ਇਹ ਨਿੱਤ ਹੁੰਦਾ ਹੈ। ਪਰ ਆਪ ਨੇ ਚਮੇਲੀ ਦਾ ਫੁੱਲ ਦੁੱਧ 'ਤੇ ਟਿਕਾ ਕੇ ਆਪਣੀ ਹੋਂਦ ਕਾਇਮ ਰੱਖਦਿਆਂ ਮਾਹੌਲ ਨੂੰ ਰਸਮਈ ਕਾਇਮ ਰੱਖਣ ਦਾ ਸੰਦੇਸ਼ ਦਿੱਤਾ।

ਬਾਬਾ ਜੀ ਨੇ ਨਾ ਕੋਈ ਵੇਦਾਂ, ਸ਼ਾਸਤਰਾਂ, ਪੁਰਾਣਾਂ ਆਦਿ ਦਾ ਤਰਜਮਾ ਹੀ ਸੰਸਾਰ ਨੂੰ ਦਿੱਤਾ ਤੇ ਨਾ ਹੀ

ਪੁਰਾਣੀਆਂ ਮਾਨਤਾਵਾਂ ਮੁਤਾਬਿਕ ਕਿਸੇ ਅਵਤਾਰ ਦੀ ਪੂਜਾ ਜਾਂ ਪੈਗੰਬਰ ਰਾਹੀਂ ਰੱਬ ਤਕ ਵਿਚੋਲਗੀਰੀ ਨੂੰ ਹੀ ਪ੍ਰਵਾਨ ਕੀਤਾ। ਆਪ ਦੇ ਸੂਰਜਮਈ ਪ੍ਰਕਾਸ਼ ਨੇ ਪੁਰਾਣੀਆਂ ਮਾਨਤਾਵਾਂ, ਫ਼ਲਸਫ਼ਿਆਂ ਤੇ ਮਿਥਿਹਾਸਕ ਕਿਰਦਾਰਾਂ ਨੂੰ ਹੀ ਸਮਾਪਤ ਨਹੀਂ ਕੀਤਾ ਬਲਕਿ ਇਹ ਸਿਤਾਰੇ ਤਾਂ ਭਾਈ ਗੁਰਦਾਸ ਜੀ ਦੇ ਲਫ਼ਜ਼ ਵਿੱਚ 'ਤਾਰੇ ਛੁਪੇ ਅੰਧੇਰ ਪਲੋਆ' ਹੋ ਗਿਆ।

ਭਾਈ ਮਰਦਾਨਾ ਜੀ ਨੇ ਇੱਕ ਵਾਰ ਗੁਰੂ ਬਾਬੇ ਨੂੰ ਪਿਆਰ ਵਿੱਚ ਆ ਕੇ ਕਿਹਾ, ''ਬਾਬਾ! ਤੇਰਾ ਮੇਰਾ ਬਹੁਤਾ ਅੰਤਰ ਨਹੀਂ। ਤੂੰ ਰੱਬ ਦਾ ਭੂਮ, ਮੈਂ ਤੇਰਾ ਭੂਮ।'' ਪਹਿਲੇ ਜਾਮੇ ਵਿੱਚ ਸਿੱਖ, ਗੁਰੂ ਨੂੰ ਕਹਿ ਪਾ ਰਿਹਾ ਹੈ। ਕਿਤਨੀ ਨੇੜਤਾ ਹੈ, ਕਿਤਨਾ ਨਿੱਘ ਹੈ, ਕਿਤਨਾ ਪਿਆਰ ਹੈ। ਫਿਰ ਦਸਵੇਂ ਜਾਮੇ ਵਿੱਚ ਕਲਗੀਧਰ ਪਿਤਾ ਇਹੀ ਕਹਿ ਰਹੇ ਹਨ **'ਯਾ ਮੈ ਭੇਦੁ ਨ ਰੰਚ ਪਛਾਨੋ॥੩੨॥'** ਅਤੇ ਖ਼ਾਲਸੇ ਨੂੰ ਗੁਰੂ ਖ਼ਾਲਸੇ ਵਿੱਚ ਤਬਦੀਲ ਕਰ ਦਿੱਤਾ ਤਾਂ ਹਜ਼ੂਰ ਕਹਿ ਰਹੇ ਹਨ, **'ਪ੍ਰਭੁ ਮੈ ਮੋਮੈ ਤਾਸ ਮੈ ਰੰਚਕ ਨਾਹਿਨ ਭੇਵ॥19॥'** ਇਹ ਹੈ ਸਤਿਗੁਰੂ ਦੀ ਪਰਤੱਖ ਕਰਾਮਾਤ ਤੇ ਅਗੰਮੀ ਰਹੱਸਵਾਦ।

ਐਸੀ ਲਾਲ ਤੁਝ ਬਿਨੁ ਕਉਨੁ ਕਰੈ॥
ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰ ਧਰੈ॥

(ਮਾਰੂ ਰਵਿਦਾਸ ਜੀ ੧੧੦੬)

ਗੁਰੂ ਜੀ ਦੀ ਇਸ ਰਹਿਮਤ ਦੇ ਸਦਕਾ ਹੀ ਪ੍ਰਕਾਸ਼ ਸ਼ਿਮਲਵੀ ਦਾ ਕਵੀ ਹਿਰਦਾ ਬੋਲ ਉਠਿਆ:

ਤੈਨੂੰ ਕੀ ਦੱਸਾਂ ਮੇਰੇ ਬਾਦਸ਼ਾਹਾ
ਖ਼ੁਸ਼ਨਸੀਬ ਹਾਂ ਕਿ ਮੇਰਾ ਸਾਈਂ ਏ ਤੂੰ।
ਮੇਰੇ ਕੋਲ ਰਹਿਨੈਂ, ਮੇਰੇ ਵਿੱਚ ਵਸਨੈਂ,
ਮੇਰੇ ਪਿੰਡ ਦਾ ਮੇਰਾ ਗਰਾਈਂ ਏਂ ਤੂੰ।

ਦੂਸਰੇ ਪਾਸੇ ਗੁਰਦੇਵ ਸਿੰਘ ਮਾਨ ਜੋਦੜੀ ਵੀ ਅੱਖੜਪੁਣੇ ਵਿੱਚ ਕਰਦਾ ਹੈ :

ਯਾਦ ਰਖੀਂ ਓਏ ਪੰਜੇ ਵਾਲਿਆ,
ਮੁੜ ਨਾ ਪੰਜਾ ਲਾਇਆ।
ਜਗ ਮਰਦਾਨਾ ਮਰ ਜਾਊ ਤੇਰਾ
ਪੱਥ ਹੇਠ ਤਿਹਾਇਆ।

ਇਸ ਲੜੀ ਵਿੱਚ ਮਾਨ ਸਿੰਘ 'ਮਸਕੀਨ' ਲਾਂਬਾ ਗੁਰੂ ਸਾਹਿਬ ਜੀ ਦੀ ਉਸਤਿਤ ਕਰਦੇ ਹਨ:

ਲੰਮਾ ਪਿਆ ਤੱਕਿਆ ਪੁਰਸ਼ ਹਾਜੀਆਂ ਨੇ ਜਦੋਂ ਆਏ ਨਮਾਜ਼ ਗੁਜ਼ਾਰ ਕੇਤੇ। ਸੁੱਤਾ ਪਿਆ ਸੀ ਨੀਂਦ ਵਿੱਚ ਮਸਤ ਹੋ ਕੇ, ਲੱਤਾਂ ਮੱਕੇ ਦੇ ਵੱਲ ਪਸਾਰ ਕੇਤੇ। ਪੈਰ ਕਰੀ ਦਰਗਾਹ ਵੱਲ ਪਿਆ ਕਿਹੜਾ, ਖੋਫ਼ ਅੱਲਾ ਦਾ ਦਿਲੋਂ ਵਿਸਾਰ ਕੇਤੇ। ਪਕੜ ਲੱਤਾ ਦੇ ਤਾਈਂ ਘੁਮਾਣ ਲੱਗੇ, ਮੱਕਾ ਨਾਲ਼ ਫ਼ਿਰਦਾ ਚੱਕਰ ਮਾਰ ਕੇਤੇ। ਡਿੱਗੇ ਪੈਰਾਂ ਤੇ ਆਖਿਆ ਪਤਾ ਨਹੀਂ ਸੀ, ਧੁਰੋਂ ਅੱਲ੍ਹਾ ਦਾ ਆਇਆ ਸਫ਼ੀਰ ਨਾਨਕ, ਮੁਸਲਮਾਨ ਹਿੰਦੂ ਸਿੱਖਾਂ ਸਾਰਿਆਂ ਦਾ, ਗੁਰੂ ਬਣ ਆਇਆ ਬੇਨਜ਼ੀਰ ਨਾਨਕ।

ਪੁਰਾਤਨ ਗੁਰਸਿੱਖ ਇੱਕ ਬੋਲਾ ਵਰਤਦੇ ਸਨ, 'ਸਤਿ ਸ੍ਰੀ ਅਕਾਲ' ਦੇ ਜਵਾਬ ਵਿੱਚ 'ਗੁਰਬਰ ਅਕਾਲ' ਕਹਿੰਦੇ ਸਨ। ਇਹ ਬਹੁਤ ਹੀ ਅਰਥ ਭਰਪੂਰ ਬਚਨ ਹੈ। ਇਸ ਦਾ ਜ਼ਿਕਰ ਮੱਕੇ-ਮਦੀਨੇ ਦੀ ਗੋਸ਼ਟਿ ਵਿੱਚ ਵੀ ਮਿਲਦਾ ਹੈ। 'ਗੁਰਬਰ ਅਕਾਲ' ਦਾ ਮਤਲਬ ਹੈ, 'ਗੁਰੂ ਬਰਾਬਰ ਹੈ ਅਕਾਲ ਦੇ'। 'ਗੁਰੂ' ਅਤੇ 'ਵਾਹਿਗੁਰੂ' ਵਿੱਚ ਕੋਈ ਅੰਤਰ ਨਹੀਂ ਹੈ। ਗੁਰੂ ਸਰਗੁਣ ਸਰੂਪ ਹੈ ਵਾਹਿਗੁਰੂ ਦਾ। ਜਿਤਨੀ ਦੇਰ ਤਕ ਸਿੱਖ ਗੁਰੂ ਅਤੇ ਵਾਹਿਗੁਰੂ ਵਿੱਚ ਅੰਤਰ ਸਮਝੇਗਾ ਉਸ ਨੂੰ ਕੁਝ ਵੀ ਹਾਸਿਲ ਨਹੀਂ ਹੋਏਗਾ। ਗੁਰਬਰ ਅਕਾਲ ਯਾਨਿ ਕਿ ਗੁਰੂ ਬਰਾਬਰ ਹੈ ਅਕਾਲ ਦੇ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਚਨ ਹਨ, **ਗੁਰ ਪਰਮੇਸਰੁ ਏਕੋ ਜਾਣ॥ ਜੋ ਤਿਸੁ ਭਾਵੈ ਸੋ ਪਰਵਾਣੁ॥੧॥ਰਹਾਉ॥** (ਮ. ੫, ੮੬੪)। ਪਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਨੂੰ ਹੋਰ ਅੱਗੇ ਵਧਾਂਦਿਆਂ ਬਚਨ ਕੀਤੇ :

ਆਤਮ ਰਸ ਜੇ ਜਾਨਹੀ ਸੋਹੈ ਖਾਲਸ ਦੇਵ॥
ਪ੍ਰਭੁ ਮੈ ਮੋਮੈ ਤਾਸ ਮੈ ਰੰਚਕ ਨਾਹਿਨ ਭੇਵ॥੧੯॥

ਗੁਰ ਚਰਨਾਂ ਦੇ ਭੌਰੇ ਭਾਈ ਨੰਦ ਲਾਲ ਜੀ ਵੀ ਜੋਤਿ ਬਿਗਾਸ ਵਿੱਚ ਗਵਾਹੀ ਦਿੰਦੇ ਹਨ ਕਿ ਗੁਰੂ ਨਾਨਕ ਦੇਵ ਜੀ ਬਿਨਾ ਸ਼ੱਕ ਨਿਰੰਜਨ ਨਿਰੰਕਾਰ ਦਾ ਸਰੂਪ ਹਨ। ਵਾਹਿਗੁਰੂ ਨੇ ਉਹਨਾਂ ਨੂੰ ਆਪਣੀ ਬਖ਼ਸ਼ਿਸ਼ ਦੇ ਨੂਰ ਤੋਂ ਪੈਦਾ ਕੀਤਾ ਹੈ। ਇਤਨਾ ਹੀ ਨਹੀਂ ਸਾਰਾ ਜਗਤ ਵਡੇਰੀਆਂ ਬਖ਼ਸ਼ਿਸ਼ਾਂ ਅਤੇ ਰਹਿਮਤਾਂ ਉਸ ਤੋਂ ਹੀ ਹਾਸਲ ਕਰਦਾ ਹੈ।

ਗੁਰੂ ਨਾਨਕ ਆਮਦ ਨਰਾਇਨ ਸਰੂਪ ਹਮਾਨਾ ਨਿਰੰਜਨ ਨਿਰੰਕਾਰ ਰੂਪ ॥੧॥ ਹੱਕਸ਼ ਆਫ਼ਰੀਦਾ ਜਿ ਨੂਰਿ ਕਰਮ ਅਜੋ ਆਲਮੇ ਰਾ ਯੂੜਿ ਆਤਮ ॥੨॥

ਜੇਕਰ ਸੰਜੀਦਗੀ ਨਾਲ਼ ਵਿਚਾਰ ਕਰੀਏ ਤਾਂ ਖ਼ਾਲਸੇ ਦੇ ਨਿਆਰੇਪਣ, ਉਸ ਦੇ ਰੂਪ ਸਰੂਪ, ਉਸ ਦੀ ਰਹੁ ਰੀਤ, ਉਸ ਦੀ ਰਹਿਤ-ਬਹਿਤ ਜੋ ਕਲਗੀਧਰ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਗੁਰੂ ਗ੍ਰੰਥ-ਗੁਰੂ ਪੰਥ ਦੇ ਰੂਪ ਵਿੱਚ ਖ਼ਾਲਸੇ ਨੂੰ ਸੰਪੂਰਨਤਾ ਪ੍ਰਦਾਨ ਕਰਦਿਆਂ ਕੀਤੀ, ਉਸ ਦੇ ਸੰਕਲਪ ਦਾ ਬੀਜ ਮੰਤ੍ਰ, ਉਸ ਦੀ ਅਬਚਲੀ ਨੀਂਵ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਪਹਿਲੇ ਜਾਮੇ ਵਿੱਚ ਹੀ ਧਰ ਦਿੱਤੀ ਸੀ।

ਇਸ ਦੀ ਗਵਾਹੀ ਭਾਈ ਗੁਰਦਾਸ ਜੀ ਨੇ ਦਿੱਤੀ ਕਿ ਸਿੱਧਾਂ ਨਾਲ਼ ਗੋਸ਼ਟੀ ਕਰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣਾ ਨਿਰਮਲ ਪੰਥ ਪ੍ਰਗਟ ਕਰ ਦਿੱਤਾ। **ਮਾਰਿਆ ਸਿਕਾ ਜਗਤ੍ਰਿ ਵਿਚਿ ਨਾਨਕ ਨਿਰਮਲ ਪੰਥ ਚਲਾਇਆ।** ਇਸ ਨਿਰਮਲ ਨਿਰਾਲੇ ਪੰਥ ਦੀ ਬੁਨਿਆਦ ਗੁਰੂ ਨਾਨਕ ਦੇਵ ਜੀ ਨੇ ਰੱਖੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਬਚਨ ਕੀਤੇ ਕਿ ਉਹ ਤਾਂ **ਪੰਥੁ ਪ੍ਰਚੁਰ ਕਰਬੇ ਕਹ ਸਾਜਾ॥** ਯਾਨਿ ਕਿ ਉਸ ਪੰਥ ਦੇ ਵਾਧੇ ਜਾਂ ਪ੍ਰਚੁਰ ਕਰਨ ਲਈ ਮਾਤ ਲੋਕ ਵਿੱਚ ਆਏ ਹਨ।

ਬਾਬਾ ਫਿਰਿ ਮਕੇ ਗਇਆ ਨੀਲ ਬਸਤ੍ਰ ਧਾਰੇ ਬਨਵਾਰੀ॥ ਮੱਕੇ ਮਦੀਨੇ ਦੀ ਗੋਸਟਿ ਵਿੱਚ ਅੰਕਤ ਕਿ ਇੱਥੇ ਗੁਰੂ ਨਾਨਕ ਦੇਵ ਜੀ ਨੂੰ ਕਿਹਾ ਗਿਆ ਕਿ ਦਰਗਹ ਵਿੱਚ ਕਬੂਲ ਹੋਣ ਲਈ ਸੁੰਨਤ ਲਾਜ਼ਮੀ ਹੈ। ਸਤਿਗੁਰੂ ਜੀ ਨੇ ਕਿਹਾ ਕਿ ਬਿਲਕੁਲ ਸਹੀ ਹੈ। ਪਰ ਸੁੰਨਤ ਦਾ ਮਤਲਬ ਨਿਸ਼ਾਨੀ ਹੁੰਦਾ ਹੈ। ਸਹੀ ਮਾਇਨੇ ਵਿੱਚ ਸੱਚੀ ਸੁੰਨਤ ਰੱਬ ਵੱਲੋਂ ਬਖ਼ਸ਼ੇ ਹੋਏ ਮੋਇ ਜਾਂ ਕੇਸ ਹਨ।

ਸਚੀ ਸੁਨਿਤ ਰਬ ਦੀ ਮੋਇਆ ਲੈ ਆਇਆ ਨਾਲਿ।
ਜੋ ਰਖੇ ਮੋਇ ਅਮਾਨਤੀ ਖਾਸਾ ਬੰਦਾ ਭਾਲਿ।
ਅਵਲ ਸੁੰਨਤ ਮੋਇਹੈ ਸਿਰ ਪਰ ਰਖੇ ਕੋਇ।
ਪਾਵੇ ਮਰਾਤਬ ਸਯਦੀ ਬਡਾ ਸਿਖੀਸਰੁ ਨ ਜਾਇ।

ਇਤਨਾ ਹੀ ਨਹੀਂ ਸਤਿਗੁਰੂ ਜੀ ਨੇ ਫ਼ਰਮਾਇਆ ਕਿ ਇਹ ਮੋਇ ਜਾਂ ਕੇਸ ਵਾਹਿਗੁਰੂ ਵੱਲੋਂ ਬਖ਼ਸ਼ਿਆ ਹੋਇਆ ਸਿਰਪਾਉ ਹੈ। ਇਸ ਅਮਾਨਤ ਨੂੰ ਵਾਪਸ ਲੈ ਕੇ ਜਾਣਾ ਹੈ। ਸਿੱਖੀ ਕੇਸਾਂ-ਸਵਾਸਾਂ ਸੰਗ ਨਿਭਾਉਣ ਦੀ ਤਾਕੀਦ ਹੈ।

ਮੋਇ ਸਿਰਪਾਉ ਖੁਦਾਇਦਾ ਲੈ ਆਇਆ ਬੰਦਾ ਨਾਲ਼। ਨਾਨਕ ਆਖੇ ਪੀਰ ਜੀ ਫਿਰ ਲੈ ਜਾਇ ਸੰਭਾਲ।

ਮੱਕੇ ਦੀ ਗੋਸਟਿ ਵਿੱਚ ਗੁਰੂ ਨਾਨਕ ਦੇਵ ਜੀ ਨੂੰ 'ਸਿਰਦਾਰ' ਕਹਿ ਕੇ ਮੁਖ਼ਾਤਬ ਕੀਤਾ ਗਿਆ। 'ਦਾਰ' ਦਾ ਅਰਥ ਹੁੰਦਾ ਹੈ 'ਧਾਰਨ ਕਰਨ ਵਾਲਾ'। ਜਿਵੇਂ ਇੱਜ਼ਤ ਦਾਰ, ਖ਼ੁਦ ਦਾਰ, ਵਫ਼ਾ ਦਾਰ। ਇਸੇ ਤਰ੍ਹਾਂ ਜਿਸ ਦੇ ਸਿਰ 'ਤੇ ਕੇਸ ਹਨ ਉਸ ਨੂੰ 'ਸਿਰਦਾਰ' ਕਿਹਾ ਗਿਆ ਅਤੇ ਜਿਸ ਦੇ ਸਿਰ ਤੋਂ ਕੇਸ ਉਤਰ ਚੁੱਕੇ ਹਨ ਉਸ ਨੂੰ 'ਸਿਰ ਗੁੰਮ' ਕਿਹਾ ਗਿਆ। ਇਹ 'ਸਿਰ ਗੁੰਮ' ਲਫ਼ਜ਼ ਬਾਅਦ ਵਿੱਚ ਰਹਿਤਨਾਮਿਆਂ ਵਿੱਚ ਵੀ ਵਰਤਿਆ ਗਿਆ। ਇਸ 'ਤੇ ਗੁਰੂ ਸਾਹਿਬ ਜੀ ਨੇ ਪੀਰ ਬਹਾਵਦੀ ਨੂੰ ਕਿਹਾ :

ਆਖੀ ਨਾਨਕ ਸਾਹ ਸਚੁ ਸੁਣਹੁ ਬਹਾਵਦੀ ਪੀਰ।
ਹਿੰਦੂ ਮੁਸਲਮਾਨ ਦੁਇ ਸਿਰ ਗੁੰਮ ਥੀਏ ਜਹੀਰਿ।

ਇਸ ਤੋਂ ਰਿਵਾਇਤ ਹੋਈ ਕਿ ਗੁਰੂ ਨਾਨਕ ਦੇਵ ਜੀ ਨੂੰ ਗੁਰੂ ਤਸਲੀਮ ਕਰਨ ਵਾਲ਼ੇ ਦੇ ਸਿਰ 'ਤੇ ਗੁਰੂ ਦੀ ਅਮਾਨਤ ਇਹ ਕੇਸ ਉਸ ਦੇ ਸਰੀਰ ਦੇ ਅੰਗ ਬਣ ਗਏ ਅਤੇ ਉਹਨਾਂ ਨੇ ਸਿੱਖੀ ਕੇਸਾਂ-ਸਵਾਸਾਂ ਸੰਗ ਨਿਭਾਹੀ।

ਨਿਆਰੇਪਣ ਦੀ ਦ੍ਰਿੜ੍ਹਤਾ ਦੇ ਦੋ ਹਵਾਲੇ ਵਿਚਾਰਨਯੋਗ ਹਨ। ਗੁਰੂ ਨਾਨਕ ਦੇਵ ਜੀ ਦੀ ਆਯੂ ਦਸ ਬਰਸ ਦੀ ਹੋਈ। ਸ਼ਾਸਤ੍ਰਾਂ ਦੀ ਵਿਧੀ ਮੁਤਾਬਕ ਉਹਨਾਂ ਦਾ ਦ੍ਵਿਜ ਜਨਮ ਜਾਂ ਦੂਜਾ ਜਨਮ ਹੋਣਾ ਸੀ। ਉਹਨਾਂ ਦਾ ਯਗਜੋਪਵੀਤ ਹੋਣਾ ਸੀ। ਜੰਞੂ ਪਾਇਆ ਜਾਣਾ ਸੀ। ਘਰ ਵਿੱਚ ਜਸ਼ਨ ਦਾ ਮਾਹੌਲ ਸੀ। ਬਰਾਦਰੀ ਇਕੱਠੀ ਹੋ ਗਈ। ਸਾਰੀ ਤਿਆਰੀ ਮੁਕੰਮਲ ਹੋ ਗਈ। ਪੰਡਤ ਜੀ ਆਸਨ 'ਤੇ ਬਿਰਾਜਮਾਨ ਹੋ ਗਏ। ਗੁਰੂ ਨਾਨਕ ਦੇਵ ਜੀ ਸਾਹਮਣੇ ਬੈਠ ਗਏ। ਪੰਡਤ ਜੀ ਨੇ ਵਿਧੀ ਪੂਰਵਕ ਜੰਞੂ ਗੁਰੂ ਜੀ ਨੂੰ ਪਾਉਣ ਲਈ ਹੱਥ ਅੱਗੇ ਵਧਾਇਆ। ਗੁਰੂ ਸਾਹਿਬ ਨੇ ਹੱਥ ਫੜ ਲਿਆ। ਬਚਨ ਕੀਤੇ **ਵੇਤਗਾ ਆਪੇ ਵਤੈ॥ ਵਟਿ ਧਾਗੇ ਅਵਰਾ ਘਤੈ॥**

ਗੁਰੂ ਸਾਹਿਬ ਜੀ ਨੇ ਕੇਵਲ ਜਨੇਊ ਤੋਂ ਹੀ ਇਨਕਾਰ ਨਹੀਂ ਕਰਨਾ ਸੀ ਬਲਕਿ ਇਸ ਮੌਕੇ ਨੂੰ ਸਿਖ਼ਰ 'ਤੇ ਲਿਆ ਕੇ ਐਲਾਨ ਕਰਨਾ ਸੀ ਕਿ ਨਾ ਤਾਂ ਮੈਂ ਹੀ ਜਨੇਊ ਪਾਵਾਂਗਾ ਅਤੇ ਨਾ ਹੀ ਮੇਰੀ ਉਮੱਤ ਇਹਨਾਂ ਧਾਗੇ ਦੇ


ਬੰ ਧ ਨ ਾਂ

ਬਾਕੀ ਹਿੱਸਾ ਸਫ਼ਾ ਨੰਬਰ 6 ਤੇ

ਵਿਦਿਆ ਵੀਚਾਰੀ ਤਾਂ ਪਰਉਪਕਾਰੀ

ਜਦੋਂ ਸਾਰਾ ਕੁਝ ਅਚੇਤਨ (unconscious) ਸੀ, ਅਕਾਲ ਪੁਰਖ ਨੇ ਮੌਜ ਚ ਆ ਕੇ ਇੱਕ ਬੋਲ ਨਾਲ਼ ਸਭ ਕੁਝ ਅਵਚੇਤਨ (Subconscious) ਕਰ ਦਿੱਤਾ **'ਕੀਤਾ ਪਸਾਉ ਏਕੋ ਕਵਾਉ॥'** ਇਸੇ ਅਵਚੇਤਨਤਾ ਦੇ ਵਿੱਚ ਪ੍ਰਮਾਤਮਾ ਦੇ ਉਸ ਬੋਲ ਦੇ ਗਿਆਨ ਦਾ ਇਤਨਾ ਭੰਡਾਰਾ ਸੀ, ਜੋ ਇੱਕ ਬਿੰਦੂ ਵਿੱਚੋਂ ਜਦੋਂ ਬਾਹਰ ਆਇਆ ਚੇਤਨ (Conscious) ਹੋਇਆ, **'ਤਿਸ ਤੇ ਹੋਏ ਲਖ ਦਰੀਆਉ॥'** ਫਿਰ ਕਈ ਲੱਖਾਂ ਗਲੈਕਸੀਆਂ ਦਰਿਆਵਾਂ ਦੇ ਰੂਪ ਵਿੱਚ ਵਹਿ ਤੁਰੀਆਂ ਭਾਵ ਜਿਸ ਨੂੰ ਸਾਇੰਸ 'ਬਿੰਗ-ਬੈਂਗ' ਆਖਦੀ। ਜੋ ਜਾਣਕਾਰੀ ਇੱਕ ਬਿੰਦੂ ਵਿੱਚ ਸਮਾਈ ਸੀ, ਸਾਇੰਸ ਅਨੁਸਾਰ ਅੱਜ ਤਕਰੀਬਨ 13.7 ਬਿਲੀਅਨ ਸਾਲ ਤੀਕ ਫੈਲ ਗਈ, ਤੇ ਅਗਾਂਹ ਵੀ ਅਜੇ ਫੈਲ ਰਹੀ ਹੈ।


ਅੱਜ ਦਾ ਮਨੁੱਖ ਇਸ ਗਿਆਨ ਦੇ ਪਸਾਰੇ ਨੂੰ ਬਾਹਰ ਖੋਜਣ ਤੁਰ ਪਿਆ। ਗ਼ਲਤੀ ਉਹਨਾਂ ਦੀ ਵੀ ਨਹੀਂ, ਗੁਰੂ ਨਾਨਕ ਦੇਵ ਜੀ ਮਹਾਰਾਜ ਆਖਦੇ **'ਏਨਾ ਜੰਤਾ ਕੈ ਵਸਿ ਕਿਛੁ ਨਾਹੀ ਤੁਧੁ ਵੇਕੀ ਜਗਤੁ ਉਪਾਇਆ॥'** ਤੇਰੇ ਇੱਕ ਬੋਲ ਵਿੱਚ ਇਤਨਾ ਗਿਆਨ ਕਿ ਜਿਸ ਦਾ ਅੰਤ ਪਾਉਣਾ ਇਹਨਾਂ ਜੀਵਾਂ ਦੇ ਵੱਸ ਦੀ ਗੱਲ ਨਹੀਂ, ਫਿਰ ਤੇਰਾ ਤੇ ਅੰਤ ਨਾਮੁਮਕਿਨ ਹੈ।



ਪਿਤਾ ਦਸ਼ਮੇਸ਼ ਜੀ ਇਸ ਗਿਆਨ ਨੂੰ ਅਗਾਂਹ ਤੋਂ ਅਗਾਂਹ ਤੋਰਨ ਵਾਲ਼ੀ ਤਾਕਤ ਨੂੰ ਨਮਸ਼ਕਾਰ ਕਰਦੇ ਹਨ, **'ਨਮੋ ਗਿਆਨ ਬਿਗਿਆਨ ਕੀ ਗਿਆਨ ਗਿਆਤਾ'** ਤੈਨੂੰ ਮੇਰਾ ਨਮਸ਼ਕਾਰ ਹੈ ਜਿਸ ਨੂੰ ਇਸ ਗਿਆਨ ਤੇ ਵਿਗਿਆਨ ਦਾ ਵੀ ਗਿਆਨ ਹੈ।

ਸਾਰਾ ਜਗ **'ਸ੍ਰੀ ਮਾਇਆ ਜਗ ਤਾਰਣੀ'** ਦੇ ਵੱਸ ਹੋ ਕੇ ਜਿੰਦਗੀ ਗੁਜਾਰ ਜਾਂਦਾ ਤੇ ਬਾਹਰ ਹੀ ਖੋਜਣ ਨਿਕਲਿਆ ਫਿਰਦਾ, ਸਭ ਓਸੇ ਦੇ ਜਾਲ਼ ਚ ਫਸ ਕੇ ਰਹਿ ਜਾਂਦੇ। ਭਗਤ ਪੀਪਾ ਜੀ ਆਖਦੇ **'ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥'**

ਡਾ. ਤਰਲੋਕ ਸਿੰਘ ਜੀ ਨੇ ਜਦੋਂ ਨਾਜੀਰੀਆ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਕਰੀਬਨ 10 ਸਹਿਜ ਪਾਠ ਕੀਤੇ ਤਾਂ ਭਗਤ ਪੀਪਾ ਜੀ ਦਾ ਉਪਦੇਸ਼ ਸਮਝੀ ਪੈ ਗਿਆ ਕਿ ਬਾਹਰ ਖੋਜਣਾ ਤੇ 'ਸ੍ਰੀ ਮਾਇਆ' ਜਿਸ ਨੂੰ ਜਗ ਨੂੰ ਤਾਰਣ ਦਾ (ਭਾਵ ਜਗ ਨੂੰ ਆਪਣੇ ਵਿੱਚ ਹੀ ਸਮਾ ਕੇ ਰੱਖਣ ਦਾ ਵਰ ਮਿਲਿਆ ਹੈ) ਉਸ ਤੋਂ ਬਿਨਾਂ ਕੁਝ ਵੀ ਨਹੀਂ। ਭਗਤ ਪੀਪਾ ਜੀ ਦੇ ਉਪਦੇਸ਼ ਦਾ ਪਾਲਣ ਕਰਦੇ ਹੋਏ ਡਾ. ਸਾਹਿਬ ਨੇ ਅੰਦਰੋਂ ਖੋਜਣਾ ਸ਼ੁਰੂ ਕੀਤਾ, ਗੁਰੂ ਨੇ ਬਖ਼ਸ਼ਿਸ਼ ਕੀਤੀ ਗੁਰਮੁੱਖ ਬਣਾ ਦਿੱਤਾ। ਫ਼ਲਸਰੂਪ ਜਿਹੜੇ ਸਾਡੇ ਵਰਗੇ 'ਸ੍ਰੀ ਮਾਇਆ' ਤੋਂ ਬਾਹਰ ਨਾ ਨਿਕਲ ਸਕੇ, ਉਹਨਾਂ ਲੋਕਾਂ ਨੂੰ ਉਹਨਾਂ ਦੇ ਪ੍ਰਸ਼ਨ ਵੀ ਖੋਜ ਕੇ ਦੇ ਦਿੱਤੇ। ਖੋਜੇ ਵੀ ਮਾਇਆ ਦੇ ਪਸਾਰੇ ਵਿੱਚੋਂ ਨਹੀਂ, ਬਲਕਿ ਜਿਸ ਦੇ ਇੱਕ ਬੋਲ ਤੋਂ ਸਾਰਾ ਪਸਾਰਾ ਸ਼ੁਰੂ ਹੋਇਆ, ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ।



ਹੁਣ ਡਾ. ਸਾਹਿਬ ਦਾ ਆਲ਼ਾ ਦੁਆਲ਼ਾ ਤੇ ਉਹਨਾਂ ਖੋਜੇ ਹੋਏ ਜਵਾਬਾਂ ਤੋਂ ਅਨੰਦਿਤ ਹੋ ਸਕਦਾ ਸੀ, ਪਰ ਬਾਕੀ ਦੇ ਲੋਕਾਂ ਦਾ ਕੀ? ਫਿਰ ਇਹਨਾਂ ਨੂੰ ਪੰਥ ਦੀ ਮਹਾਨ ਸੇਵਾ ਕਰਨ ਵਾਲ਼ੇ ਵੀਰ 'ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ' ਵਾਲ਼ੇ ਮਿਲੇ ਜਿਹਨਾਂ ਨੇ ਇਹਨਾਂ ਦੇ ਖੋਜੇ ਹੋਏ ਜਵਾਬਾਂ ਨੂੰ ਕਿਤਾਬਾਂ ਦਾ ਰੂਪ ਦੇ 5 ਭਾਗ ਛਾਪੇ।

ਇਹਨਾਂ ਪੰਜਾਂ ਭਾਗਾਂ ਵਿਚਲੇ ਜਵਾਬਾਂ ਦੀ ਸ਼ੁਰੂਆਤ ਹਰੇਕ ਜੀਵ ਦੇ ਆਮ ਜਿਹੇ ਸਵਾਲ ਰੱਬ ਕੀ ਹੈ? ਉਸ ਦੀ ਸੰਖੇਪ ਪਰਿਭਾਸ਼ਾ ਕਰਦੇ ਹੋਏ ਡਾ. ਤਰਲੋਕ ਸਿੰਘ ਸਹੋਤਾ ਮੂਲ ਮੰਤਰ ਵਿਚਲੀ ਡੂੰਘਾਈ ਵਿੱਚ ਚੁੱਭੀ ਮਾਰ ਕੇ ਜਵਾਬ ਖੋਜ ਕੇ ਲਿਆਉਂਦੇ ਹਨ। ਪਹਿਲੇ ਭਾਗ ਵਿੱਚ ਕਰੀਬਨ 450 ਸਾਡੇ ਰੋਜਾਨਾਂ ਦੇ ਸਵਾਲ ਜੋ ਗਾਹੇ-ਬਗਾਹੇ ਹਰੇਕ ਮਨੁੱਖ ਦੇ ਅੰਦਰ ਚੱਲਦੇ ਹਨ ਉਹਨਾਂ ਦੇ ਜਵਾਬ ਦੇ ਕੇ ਅਗਲੇ ਭਾਗ ਦੇ ਸ਼ੁਰੂਆਤ ਵਿੱਚ ਹੀ ਜਗਤ ਨੂੰ ਚਲਾਉਣ ਵਾਲ਼ੀ 'ਸ੍ਰੀ ਮਾਇਆ' ਦੇ ਮੋਹ ਤੋਂ ਕਿਵੇਂ ਬਚਣਾ? ਉਸ ਦਾ ਜਵਾਬ ਲਿਖਦੇ ਹਨ ਕਿ **'ਮਾਇਆ ਮੋਹੁ ਸਬਦਿ ਜਲਾਇਆ॥ ਸਚੋ ਸਚਾ ਵੇਖਿ ਸਾਲਾਹੀ ਗੁਰ ਸਬਦੀ ਸਚੁ ਪਾਵਣਿਆ॥'** ਪੂਰੇ ਸੱਚੇ ਸਤਿਗੁਰੂ ਨੂੰ ਵੇਖ ਕੇ ਤੇ ਗੁਰੂ ਸ਼ਬਦ ਰਾਹੀਂ ਸਿਫ਼ਤ-ਸਲਾਹ ਕਰ ਕੇ ਸੱਚੇ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ ਤੇ ਮਾਇਆ ਦਾ ਮੋਹ ਗੁਰੂ ਦੇ ਸ਼ਬਦ ਨਾਲ਼ ਸੜ ਜਾਂਦਾ ਹੈ ਭਾਵ ਖ਼ਤਮ ਹੋ ਜਾਂਦਾ ਹੈ।


ਇਸੇ ਭਾਗ ਦਾ ਅੰਤਲਾ 632ਵਾਂ ਜਵਾਬ ਕਿ ਸਤਸੰਗਤਿ ਕੀ ਹੈ, ਤੇ ਸਤਸੰਗਤਿ ਦੀ ਮਹਿਮਾ ਕੀ ਹੈ? ਇਸ ਦਾ ਜਵਾਬ ਕਰੀਬ 20 ਕੁ ਪੰਨਿਆਂ ਦਾ ਹੈ। ਕਿਉਂ ਜੁ ਮਨੁੱਖ ਦੀ ਜਿੰਦਗੀ ਵਿੱਚ ਸੰਗਤ ਤੇ ਕੁਸੰਗਤ ਜੋ ਚੀਜਾਂ ਦਾ ਅਹਿਮ ਰੋਲ ਹੈ। ਵੱਡੇ-ਵੱਡੇ ਦਾਰਸ਼ਨਿਕਾਂ ਨੇ ਬਹੁਤ ਵੱਡੀ ਫਿਲਾਸਫੀ ਇਸੇ ਉਪਰ ਲਿਖੀ। ਪਰ ਇੱਥੇ ਡਾ. ਸਾਹਿਬ ਨੇ ਦੋਵਾਂ ਸੰਗਤਾਂ ਨੂੰ ਨਕਾਰਦੇ ਹੋਏ ਦੱਸਿਆ ਕਿ ਇਹ ਸੰਗਤਾਂ ਫਿਰ ਤੋਂ ਦੁਨਿਆਵੀਂ ਮਾਇਆ ਅਧੀਨ ਦਾ ਪਸਾਰਾ ਹੈ। ਅਸਲ ਜਿਸ ਨੇ ਇੱਥੇ ਵੀ ਸਾਥ ਦੇਣਾ ਤੇ ਅਗਾਂਹ ਜਾ ਕੇ ਵੀ ਤੇਰਾ ਸਾਥੀ ਬਣਨਾ ਉਹ ਸਤਸੰਗਤਿ ਹੈ। ਤੇ ਉਹ ਕੀ ਹੈ, ਜਦੋਂ ਇਹ ਜਾਣ ਲਿਆ ਫਿਰ ਤਾਂ **'ਬਿਸਰ ਗਈ ਸਭ ਤਾਤਿ ਪਰਾਈ॥ ਜਬ ਤੇ ਸਾਧਸੰਗਤਿ ਮੋਹਿ ਪਾਈ॥ਰਹਾਉ॥'** ਕਿਸੇ ਹੋਰ ਚੀਜ ਦੀ ਸੁੱਧ ਨਹੀਂ ਰਹਿਣੀ ਤਾਂ ਹੀ ਇਸ ਦੇ ਅੱਗੇ ਗੁਰੂ ਪਾਤਸ਼ਾਹ ਜੀ ਨੇ 'ਰਹਾਉ' ਲਿਖਿਆ ਕਿ ਫਿਰ ਤੂੰ ਇੱਥੇ ਹੀ ਠਹਿਰ ਜਾਣਾ ਬੱਸ।

ਅਗਲਾ ਭਾਗ ਸ਼ੁਰੂ ਕਰਦੇ ਹੀ ਡਾ. ਸਾਹਬ ਤਾੜਨਾ ਕਰਦੇ ਹਨ ਕਿ ਜਦੋਂ ਸਤਸੰਗਤਿ ਕਰ ਲਈ ਫਿਰ ਕਦੇ ਵੀ ਹੰਕਾਰ ਵੱਸ ਉਸ ਨਾਲ਼ ਕੋਈ ਵੀ ਦੁਨਿਆਵੀ ਫਸਾਦ ਨਹੀਂ ਕਰਨਾ। ਗੁਰੂ ਅਮਰਦਾਸ ਜੀ ਆਖਦੇ **'ਸਤਸੰਗਤਿ ਸਿਉ ਬਾਦੁ ਰਚਾਏ॥ ਅਨਦਿਨੁ ਦੁਖੀਆ ਦੂਜੈ ਭਾਇ ਰਚਾਏ॥'** ਜਿਹੜਾ ਸਤਸੰਗਤਿ ਨਾਲ਼ ਵਾਦ-ਵਿਵਾਦ ਕਰਦਾ, ਉਹ ਫਿਰ ਦਿਨ ਰਾਤ ਦੁੱਖ ਹੀ ਪਾਉਂਦਾ।

ਇਸ ਭਾਗ ਦੇ ਅੰਤ ਤੀਕ ਜਾਂਦੇ ਡਾ. ਤਰਲੋਕ ਸਿੰਘ ਜੀ ਕਰੀਬਨ 866 ਸਵਾਲਾਂ ਦੇ ਜਵਾਬ ਦੇ ਜਾਂਦੇ ਹਨ। ਅੰਤਲਾ ਸਵਾਲ ਜੋ ਕਿ ਮੇਰੇ ਵੀ ਮਨ ਵਿੱਚ ਹਮੇਸ਼ਾ ਘੁੰਮਦਾ ਸੀ ਕਿ ਇਸ ਦੁਨੀਆਂ ਵਿੱਚ ਮਾਇਆ ਦਾ ਹੀ ਜਾਲ਼ ਹੈ। ਪਰ ਅਸਲ ਵਿੱਚ ਉਸ ਮਾਇਆ ਦੇ ਅਧੀਨ ਹੈ ਕੀ ਕੀ? ਤੇ ਉਸ ਤੋਂ ਬਾਹਰ ਕੌਣ ਕੌਣ? ਉਸ ਦਾ ਜਵਾਬ ਡਾ. ਸਾਹਿਬ ਬੜੀ ਹੀ ਡੂੰਘਾਈ ਵਿੱਚੋਂ ਖੋਜ ਕੇ ਸਮਝਾਉਂਦੇ ਹਨ। ਤੇ ਨਾਲ਼ ਹੀ ਇਹ ਵੀ ਦੱਸ ਜਾਂਦੇ ਹਨ, ਇਹ ਮਾਇਆ ਦੇ ਅਧੀਨ ਚੱਲਣ ਵਾਲ਼ੇ ਸਾਡੇ ਇਸ਼ਟ ਨਹੀਂ। ਗੁਰੂ ਗੋਬਿੰਦ ਸਿੰਘ ਜੀ ਆਖਦੇ **'ਆਦਿ ਅੰਤਿ ਏਕੈ ਅਵਤਾਰਾ॥ ਸੋਈ ਗੁਰੂ ਸਮਝਿਯਹੁ ਹਮਾਰਾ॥'** ਜਿਹੜਾ ਆਦਿ 1ਓ ਸਤਿਨਾਮ ਤੋਂ ਅੰਤ ਅਠਾਰਹ ਦਸ ਬੀਸ ਤੀਕ ਇੱਕੋ ਹੈ (ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)। ਵਿੱਚ ਵਿਚਾਲੇ ਵਾਲ਼ੀਆਂ ਤਾਕਤਾਂ ਸਭ ਉਸ ਦੇ ਅਧੀਨ ਹਨ ਤੇ ਜੋ ਆਦਿ ਤੋਂ ਅੰਤ ਤੀਕ ਇੱਕ ਹੈ ਓਹੀ ਖ਼ਾਲਸੇ ਦਾ ਗੁਰੂ ਹੈ।

ਚੌਥੇ ਭਾਗ ਦੀ ਸ਼ੁਰੂਆਤ ਹੀ ਪਹਿਲੇ ਸਵਾਲ ਦੇ ਅੰਤ ਤੋਂ ਹੁੰਦੀ ਹੈ। ਮਾਇਆ ਕਰਦੀ ਕੀ ਹੈ? ਬਹੁਤ ਡੂੰਘੇ ਜਵਾਬ ਨੂੰ ਬੜੇ ਸਰਲ ਤਰੀਕੇ ਨਾਲ਼ ਸਮਝਾਉਂਦੇ ਹੋਏ ਕਰੀਬਨ 5 ਪੰਨੇ ਭਰ ਗਏ। ਜਿਸ ਵਿੱਚ ਜਵਾਬ ਇਤਨਾ ਸਰਲ ਹੋ ਕੇ ਆਇਆ ਕਿ ਜਿਹੜਾ ਵੀ ਪ੍ਰਾਣੀ ਇਹ ਜਵਾਬ ਖੋਜ ਰਿਹਾ, ਚਾਹੇ ਸਵਾਲ ਉਸ ਦਾ ਅੱਜ ਦਾ ਜਾਂ ਕਈ ਵਰ੍ਹੇ ਪੁਰਾਣਾ ਜਾਂ ਫਿਰ ਆਉਣ ਵਾਲ਼ੀਆਂ ਨਸਲਾਂ ਦੇ ਅੰਦਰੋਂ ਵੀ ਜਦੋਂ ਉਪਜੇਗਾ ਹਰੇਕ ਲਈ ਇਹ ਜਵਾਬ ਨਿਵੇਕਲਾ ਹੋਵੇਗਾ।

ਇਸ ਭਾਗ ਦੇ ਅਖ਼ੀਰ ਤੀਕ ਜਾਂਦੇ ਜਾਂਦੇ ਕਰੀਬਨ 1141 ਸਵਾਲਾਂ ਦੇ ਜਵਾਬ ਬਹੁਤ ਡੂੰਘਾਈ ਵਾਲ਼ੇ ਪਰ ਸਰਲ ਦਿੱਤੇ ਹਨ। **ਬਾਕੀ ਦਾ ਹਿੱਸਾ ਵਿਚਲੇ ਪੰਨਾ ਨੰ: 'ਤੇ**


ਤਨ ਆਰਿਆਂ ਨਾਲ ਚਿਰਾਏ ਗਏ
ਰੂੰ ਨਾਲ ਬੰਨ ਕੇ ਸਾੜੇ ਗਏ
ਦੇ.ਗਾਂ ਵਿਚ ਉਬਾਲੇ ਗਏ
ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ ਖ਼ਾਲਸਾ ਜੀ !
ਬੋਲੋ ਜੀ ਵਾਹਿਗੁਰੂ !!
ਧਰਮ ਹੇਤ ਸਾਕਾ ਜਿਨਿ ਕੀਆ॥
ਸੀਸ ਦੀਆ ਪਰ ਸਿਰਰੁ ਨ ਦੀਆ॥
ਤੇਗ ਬਹਾਦੁਰ ਸਿਮਰੀਐ
ਘਰਿ ਨੌ ਨਿਧ ਆਵੈ ਧਾਇ ॥
ਸਭ ਥਾਈ ਹੋਇ ਸਹਾਇ ॥